Public Disclosure Authorized

Public Disclosure Authorized

E4725 V4

# ਕਾਰਜਕਾਰੀ ਸੰਖੇਪ

## ਸੰਖੇਪ ਜਾਣਕਾਰੀ

ਪੰਜਾਬ ਰਾਜ ਉਪਜਾਊ ਗੰਗਾ ਤੱਟ ਦਾ ਹਿੱਸਾ ਹੈ ਜੋ ਇਹ ਸ਼ਿਵਾਲਿਕ ਪਹਾੜੀਆਂ ਅਤੇ ਹਿਮਾਲਿਆ ਤੋਂ ਵੱਗਦੇ ਦਰਿਆਵਾ ਨਾਲ ਆਈ ਮਿੱਟੀ ਵਿੱਚ ਵੱਸਿਆ ਹੈ। ਰਾਜ ਦਾ ਕੁੱਲ ਖੇਤਰਫਲ 50000 ਵਰਗ ਕਿਲੋਮੀਟਰ ਹੈ। (ਖੇਤਰਫਲ ਪੱਖੋ ਦੇਸ ਦਾ 19ਵਾਂ ਵੱਡਾ ਰਾਜ ਹੈ।) ਰਾਜ ਦੇ ਤਿੰਨ ਪ੍ਰਮੁੱਖ ਖੇਤਰ ਹਨ, ਜਿਨ੍ਹਾਂ ਵਿੱਚ ਅੱਪਰ ਬਾਰੀ ਤੇ ਬਿਸਤ ਦੁਆਬ, ਸਤਲੁੱਜ ਅਤੇ ਘੱਗਰ ਮਾਲਵਾ ਹਿੱਸਾ ਅਤੇ ਦੱਖਣ ਪੱਛਮੀ ਜੋਨ ਸਾਮਿਲ ਹਨ। ਇਨ੍ਹਾਂ ਵਿੱਚ ਮਾਲਵਾ ਖੇਤਰ ਸਭ ਤੋ ਵੱਡਾ ਹੈ ਜਿਸ ਵਿੱਚ 11 ਜ਼ਿਲ੍ਹੇ ਹਨ ਅਤੇ ਇਹ ਸਤਲੁੱਜ ਅਤੇ ਯਮੁਨਾ ਦਰਿਆ ਵਿੱਚਕਾਰ ਸਥਿਤ ਹੈ। ਭਾਰਤੀ ਪੰਜਾਬ ਦਾ ਦੁਆਬਾ ਖੇਤਰ ਬਿਆਸ ਅਤੇ ਸਤਲੁੱਜ ਦਰਿਆ ਵਿੱਚਕਾਰ ਸਥਿਤ ਹੈ।।

ਰਾਜ ਵਿੱਚ 22 ਜ਼ਿਲ੍ਹੇ, 142 ਬਲਾਕ, 11773 ਪੰਚਾਇਤਾਂ ਅਤੇ 15370 ਪਿੰਡ ਹਨ। ਇਹ ਰਾਜ ਸਰਕਾਰ ਦੀ ਜਿੰਮੇਵਾਰੀ ਹੈ ਕਿ ਉਹ ਇਥੇ ਵੱਸਦੇ ਲੋਕਾਂ ਨੂੰ ਸਾਫ ਪੀਣ ਵਾਲਾ ਪਾਣੀ ਮੁਹੱਇਆ ਕਰਵਾਵੇ। ਪਿਛਲੇ ਇਕ ਦਹਾਕੇ ਤੋ ਸਰਕਾਰ ਨੇ ਪਿੰਡਾਂ ਨੂੰ ਪਹਿਲ ਦੇ ਅਧਾਰ ਤੇ ਪੂਰੀ ਤਰ੍ਹਾਂ ਕੱਜਣ ਕਰਨ ਦੀ ਤਰਜੀਹ ਦਿੱਤੀ ਹੈ ਪਰ ਸਾਫ਼ ਪੀਣ ਵਾਲੇ ਪਾਣੀ ਅਤੇ ਨਾਲ ਹੋਰ ਸਬੰਧਤ ਮੁੱਦੇ ਜਿਵੇਂ ਕਿ ਸਫ਼ਾਈ ਵਿਵਸਥਾ ਅਤੇ ਨਿੱਜੀ ਸਫ਼ਾਈ ਨੂੰ ਪਹਿਲ ਦੇ ਆਧਾਰ ਤੇ ਤਰਜੀਹ ਦਿੱਤੀ ਹੈ। ਕੁੱਲ ਪਿੰਡਾਂ ਵਿੱਚੋਂ, 12648 ਵਿੱਚ 100%, 2703 ਪਿੰਡਾਂ ਵਿੱਚ ਅੱਧ ਪਚੱਧੀ ਜਨਸੰਖਿਆ ਨੂੰ ਜਲ ਸਪਲਾਈ ਨਾਲ ਕਵਰ ਕਰਦੀਆਂ ਹਨ ਅਤੇ 19 ਪਿੰਡ ਗੁਣਵੱਤਾ ਨਾਲ ਪ੍ਰਵਾਭਿਤ ਹਨ। (ਜਲਮਨੀ ਅਧੀਨ 27.10.2014 ਤੱਕ ਕੀਤੀ ਉਪਲੱਬਧੀ ਅਨੁਸਾਰ)

## ਪ੍ਰੋਜੈਕਟ ਦਾ ਪਿਛੋਕੜ (ਪੇਂਡੂ ਜਲ ਸਪਲਾਈ ਤੇ ਸਾਫ਼ ਸਫ਼ਾਈ)

ਦੇਸ਼ ਦੇ ਹਿੱਸਿਆਂ ਵਿੱਚ ਸਾਫ਼ ਪੀਣ ਵਾਲਾ ਪਾਣੀ ਮੁਹੱਇਆ ਕਰਵਾਉਣਾਂ ਰਾਜ ਸਰਕਾਰਾਂ ਦੀ ਮੁੱਖ ਜਿੰਮੇਵਾਰੀ ਹੈ। ਰਾਜ ਸਰਕਾਰਾਂ ਦੇ ਯਤਨਾਂ ਨੂੰ ਪੂਰਾ ਕਰਨ ਲਈ ਭਾਰਤ ਸਰਕਾਰ ਨੇ ਕੇਂਦਰੀ ਸਰਪਰਸੀ ਸਕੀਮਾਂ NRDWP ਅਤੇ ਨਿਰਮਲ ਭਾਰਤ ਅਭਿਆਨ (NBA) ਅਧੀਨ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਹੈ।

ਪੰਜਾਬ ਸਰਕਾਰ ਨੇ ਪੇਂਡੂ ਜਲ ਸਪਲਾਈ ਤੇ ਸਾਫ਼ ਸਫ਼ਾਈ ਦੇ ਵਿਕਾਸ ਏਜੰਡੇ ਨੂੰ ਪਹਿਲ ਦੇ ਆਧਾਰ ਤੇ ਤਰਜੀਹ ਦਿੱਤੀ ਹੈ। ਪਿਛਲੇ ਕੁੱਝ ਸਾਲਾਂ ਤੋਂ ਪੇਂਡੂ ਜਲ ਸਪਲਾਈ ਤੇ ਸਾਫ਼ ਸਫ਼ਾਈ ਸੈਕਟਰ ਲਈ ਕਾਫ਼ੀ ਰਾਸ਼ੀ ਜਾਰੀ ਕੀਤੀ ਗਈ ਜਿਸ ਤੋਂ ਲੱਗਦਾ ਹੈ ਕਿ ਇਸ ਸੈਕਟਰ ਨੂੰ ਪਹਿਲ ਦੇ ਆਧਾਰ ਤੇ ਤਰਜੀਹ ਦਿੱਤੀ ਗਈ ਹੈ। ਪੰਜਾਬ ਸਰਕਾਰ ਦਾ ਪਹਿਲੇ ਪ੍ਰੋਜੈਕਟ ਦੇ ਲਾਭਾਂ ਨੂੰ ਵੱਡੇ ਪੈਮਾਨੇ ਤੇ ਮਜ਼ਬੂਤੀਕਰਨ ਦੇ ਇਰਾਦੇ ਨਾਲ ਪਾਣੀ ਦੀ ਸਪਲਾਈ ਅਤੇ ਕਮਿਊਨਿਟੀ ਦੀ ਸਾਫ਼ ਸਫ਼ਾਈ ਦਾ ਮਿਆਰ ਉੱਚਾ ਹੋਇਆ ਹੈ (ਜਿਵੇਂ ਕਿ 24×7 ਪਾਣੀ ਦੀ ਸਪਲਾਈ, ਸਾਰੇ ਘਰਾਂ ਨੂੰ 100% ਪਾਣੀ ਦੇ ਕੁਨੈਕਸਨ ਨਾਲ ਜੋੜਨਾ ਅਤੇ ਪੜਾਅਵਾਰ ਜਨਤਕ ਟੂਟੀਆਂ ਹਟਾਉਣੀਆਂ, ਗੁਣਵੱਤਾ ਨਾਲ ਪ੍ਰਭਾਵਿਤ ਖੇਤਰਾਂ ਵਿੱਚ ਪਾਣੀ ਦੇ ਮੁੱਦੇ ਨੂੰ ਹੱਲ ਕਰਨਾ ਹੈ ਰਾਜ ਦੇ ਪੇਂਡੂ ਖੇਤਰਾਂ ਵਿੱਚ ਸੀਵਰੇਜ ਅਤੇ ਪਾਣੀ ਦੀ ਨਿਕਾਸੀ ਲਈ ਪ੍ਰਬੰਧਕ ਸਿਸਟਮ ਮੁਹੱਇਆ ਕਰਵਾਉਣ ਲਈ ਵਰਲਡ ਬੈਂਕ ਦੀ ਸਹਾਇਤਾ ਨਾਲ ਦੂਜਾ ਪੰਜਾਬ ਪੇਂਡੂ ਜਲ ਸਪਲਾਈ ਅਤੇ ਸੈਨੀਟੇਸਨ ਪ੍ਰੋਜੈਕਟ ਸ਼ੁਰੂ ਕਰਨਾ ਹੈ। ਪੇਂਡੂ ਜਲ ਸਪਲਾਈ ਤੇ ਸਾਫ਼ ਸਫ਼ਾਈ –II ਪ੍ਰੋਗਰਾਮ ਪੰਜਾਬ ਦੇ ਸਾਰੇ 22 ਜ਼ਿਲ੍ਹਿਆਂ ਦੇ ਪੇਂਡੂ ਖੇਤਰ ਵਿੱਚ ਸ਼ੁਰੂ ਕੀਤਾ ਜਾਵੇਗਾ।

ਪੰਜਾਬ ਸਰਕਾਰ ਨੇ ਵਰਲਡ ਬੈਂਕ ਦੀ ਮਦਦ ਨਾਲ ਪੰਜਾਬ ਪੇਂਡੂ ਜਲ ਸਪਲਾਈ ਅਤੇ ਸੈਨੀਟੇਸਨ ਪ੍ਰੋਜੈਕਟ (PRWSSP) ਸ਼ਰੂ ਕੀਤਾ ਹੈ। ਇਸ ਦੇ ਪ੍ਰਸੰਗ ਪੰਜਾਬ ਸਰਕਾਰ ਨੇ ਕੁੱਝ ਜਰੂਰੀ ਮੁਲਾਕਣ ਕਰਵਾਏ ਹਨ ਤਾਂ ਜੋ ਇਸ ਪ੍ਰੋਜੈਕਟ ਨੂੰ ਟਿਕਾਊ ਢੰਗ ਨਾਲ ਚਲਾਇਆ ਜਾ ਸਕੇ।

## ਮੁੱਦਾ (Assignment)

ਇਸ ਅਧਿਐਨ ਦਾ ਮੁੱਖ ਉਦੇਸ਼ ਸਮਾਜਿਕ ਮੁਲਾਕਣ , ਚੰਗੀ ਤਰ੍ਹਾਂ ਸਮਝਣ ਅਤੇ ਸਮਾਜਿਕ ਵਿਕਾਸ ਦੇ ਮੁੱਦੇ ਜਿਵੇਂ ਕਿ ਭਾਗੇਦਾਰੀ ,ਸ਼ਾਮਿਲ ਕਰਨਾ, ਪਾਰਦਰਸ਼ਤਾ ਅਤੇ ਜਮੀਨ ਪ੍ਰਬੰਧਨ ਆਦਿ ਦੇ ਨਤੀਜ਼ਿਆਂ ਨੂੰ ਪੂਰਾ ਕਰਨ ਨੂੰ ਯਕੀਨੀ ਬਣਾਉਣਾ ਹੈ।

ਸ਼ਬਦਾਵਲੀ ਦੇ ਪ੍ਰਸੰਗ ਅਨੁਸਾਰ ਇਸ ਨੂੰ ਤਿੰਨ ਹਿੱਸਿਆ ਵਿੱਚ ਵੰਡਿਆ ਗਿਆ ਹੈ।

- ਭਾਗ 1 : ਸਮਾਜਿਕ ਮੁਲਾਕਣ
- ਭਾਗ 2 : ਮੁੱਢਲਾ ਡਾਟਾ ਬਣਾਉਣਾ
- ਭਾਗ 3 :ਸਮਰੱਥਾ ਵਧਾਉਣਾ

**(ਪਹੁੰਚ ਅਤੇ ਕਾਰਜਵਿਧੀ)**

ਇਸ ਕਾਰਜਵਿਧੀ ਵਿੱਚ ਮੁੱਢਲੇ ਅਤੇ ਦੂਸਰੇ ਲੈਵਲ ਦਾ ਡਾਟਾ ਆਉਂਦਾ ਹੈ। ਦੂਸਰੇ ਪੱਧਰ ਦੇ ਡਾਟੇ ਸਬੰਧੀ ਪੰਜਾਬ ਦੀ ਪਹਿਲਾਂ ਜਾਰੀ ਕੀਤੀ ਰਿਪੋਰਟ ਲਈ ਗਈ ਹੈ। ਮੁੱਢਲਾ ਡਾਟਾ ਖੋਜੀ ਤਰੀਕਿਆਂ ਨਾਲ ਜਿਵੇਂ ਪੇਂਡੂ ਭਾਗੇਦਾਰੀ, ਪੀ.ਆਰ.ਏ. (PRA), ਔਰਤਾਂ ਨਾਲ ਗੱਲਬਾਤ ਅਤੇ ਸਵਾਟ ਵਿਸ਼ਲੇਸਣ ਕਰਕੇ ਇਕੱਠਾ ਕੀਤਾ ਗਿਆ ਹੈ। ਇਸ ਅਧਿਐਨ ਨਾਲ ਹਰ ਪੱਧਰ ਦੇ ਭਾਗੀਦਾਰਾਂ ਦੀ ਪਹਿਚਾਣ ਜਿਵੇਂ ਕਿ ਪਾਲਿਸੀ ਪੱਧਰ ਤੋਂ ਖੇਤਰੀ ਕਾਰਵਾਈ, ਖੇਤਰੀ ਕਾਰਵਾਈ ਤੋਂ ਲਾਭਪਾਤਰੀ ਪੱਧਰ ਤੱਕ ਕੀਤੀ ਗਈ ਹੈ ।ਇਸ ਨੂੰ ਕਰਨ ਲਈ ਪਹਿਲਾਂ ਭਾਗੀਦਾਰਾਂ ਦੀ ਪਹਿਚਾਣ ਕੀਤੀ ਗਈ ਅਤੇ ਉਸ ਤੋਂ ਬਾਅਦ ਇਸ ਮੁੱਦੇ ਦੇ ਹਰ ਮੰਚ ਤੇ ਪੂਰਾ ਕਰਨ ਨੂੰ ਯਕੀਨੀ ਬਣਾਇਆ ਗਿਆ । ਇਹ ਸਲਾਹਾਂ ਇਸ ਅਧਿਐਨ ਦੇ ਆਖਿਰ ਤੱਕ ਜਾਰੀ ਰਹਿਣਗੀਆਂ। ਇਹਨਾਂ ਲੋਕਾਂ ਨਾਲ ਕੰਮ ਕਰਨ ਦੇ ਪੁਰਾਣੇ ਤਜਰਬੇ ਨਾਲ ਸਾਨੂੰ ਯੋਜਨਾ ਬਨਾਉਣ ਲਈ ਹਰ ਭਾਗੀਦਾਰਾਂ ਤੋਂ ਸਹੀ ਡਾਟਾ ਲੈਣਾ ਦਾ ਤਰੀਕਾ ਅਪਨਾਇਆ ਗਿਆ।

**ਪਿੰਡਾਂ ਦੀ ਚੋਣ :** ਲੋਕਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਕਿ ਭਗੋਲਿਕ ਤੌਰ ਤੇ ਫੈਲੇ ਇਹਨਾਂ 6 ਨੁਮਾਇੰਦਗੀ ਕਰਦੇ ਜ਼ਿਲ੍ਹਿਆਂ ਵਿੱਚੋਂ ਇੱਕ-ਇੱਕ ਪਿੰਡ ਤੇ ਵਿਚਾਰ ਕੀਤੀ ਜਾਵੇ ਜੋ ਤਿੰਨ ਵੱਖ-ਵੱਖ ਸਮਾਜਿਕ ਸਭਿਆਚਾਰਕ ਖੇਤਰਾਂ ਵਿੱਚ ਪੈਂਦੇ ਹਨ।

| ਲੜੀ ਨੰ: | ਜਿਲ੍ਹਾ | **ਸਮਾਜਿਕ ਸੱਭਿਆਚਾਰਕ ਖੇਤਰ** | **ਬਲਾਕ** | **ਪਿੰਡ** |
|---|---|---|---|---|
| 1 | ਸ੍ਰੀ ਮੁਕਤਸਰ ਸਾਹਿਬ | ਦੱਖਣੀ ਪੱਛਮੀ ਜ਼ੋਨ | ਮਲੋਟ | ਭੰਗਚਰੀ |
| 2 | ਮੋਗਾ | ਸਤਲੁਜ ਅਤੇ ਘੱਗਰ ਮਾਲਵਾ ਪਲੇਨ | ਧਰਮਕੋਟ | ਸੰਗਲਾ |
| 3 | ਸੰਗਰੂਰ | ਸਤਲੁਜ ਅਤੇ ਘੱਗਰ ਮਾਲਵਾ ਪਲੇਨ | ਮਲੇਰਕੋਟਲਾ | ਝਨੇਰ |
| 4 | ਐਸ.ਏ.ਐਸ.ਨਗਰ | ਸਤਲੁਜ ਅਤੇ ਘੱਗਰ ਮਾਲਵਾ ਪਲੇਨ | ਮਾਜਰੀ | ਭਜੌਲੀ |
| 5 | ਹੁਸ਼ਿਆਰਪੁਰ | ਅੱਪਰ ਬਾਰੀ ਅਤੇ ਬਿਸਤ ਦੁਆਬ ਪਲੇਨ | ਹੁਸ਼ਿਆਰਪੁਰ 2 | ਬਡਿਆਲ |
| 6 | ਅੰਮ੍ਰਿਤਸਰ | ਅੱਪਰ ਬਾਰੀ ਅਤੇ ਬਿਸਤ ਦੁਆਬ ਪਲੇਨ | ਅਜਨਾਲਾ | ਹਰੌਰ ਖੁਰਦ |

**ਮੁੱਖ ਖੋਜਾਂ ਅਤੇ ਚਰਚਾ**

**ਮੁੱਢਲੇ ਡਾਟੇ ਦੇ ਅਧਾਰ ਤੇ ਖੋਜ:**

**ਲਾਭਪਾਤਰੀ ਮੁਲਾਕਣ :** ਇਸ ਅਧਿਐਨ ਦੌਰਾਨ ਵੱਖ ਵੱਖ ਗ੍ਰਾਮ ਪੰਚਾਇਤਾਂ ਦੇ ਕੁੱਲ 2377 ਘਰਾਂ ਦੇ ਲੋਕਾਂ ਨਾਲ ਰਾਬਤਾ ਕਾਇਮ ਕੀਤਾ ਗਿਆ। ਇਸ ਅਧਿਐਨ ਵਿੱਚ ਪੰਜਾਬ ਦੇ ਅੰਮ੍ਰਿਤਸਰ, ਹੁਸ਼ਿਆਰਪੁਰ, ਮੋਗਾ, ਸ੍ਰੀ ਮੁਕਤਸਰ ਸਾਹਿਬ, ਸੰਗਰੂਰ ਅਤੇ ਐਸ.ਏ.ਐਸ.ਨਗਰ ਸ਼ਾਮਿਲ ਹਨ। ਮੁੱਢਲੀ ਜਾਂਚ ਤੋਂ ਹੇਠ ਲਿਖੇ ਮੁੱਖ ਮੁੱਦੇ ਸਾਹਮਣੇ ਆਏ । ਛੇ ਜ਼ਿਲ੍ਹਿਆਂ ਦੇ ਛੇ ਪਿੰਡਾਂ ਵਿੱਚ ਅਧਿਐਨ ਕਰਵਾਉਣ ਲਈ ਕੇਂਦਰਿਤ ਸਮੂਹ ਚਰਚਾ (FGD) ਵੀ ਕਰਵਾਈਆਂ ਗਈਆਂ।

- 87% ਲਾਭਪਾਤਰੀਆਂ ਨੂੰ ਰੋਜਾਨਾਂ ਅਤੇ 65.4% ਲਾਭਪਾਤਰੀਆਂ ਨੂੰ ਦਿਨ ਵਿੱਚ 2 ਵਾਰ ਪਾਣੀ ਉਪਲੱਬਧ ਹੋ ਰਿਹਾ ਹੈ। ਜਿਆਦਾਤਰ ਘਰਾਂ ਨੂੰ (97.6%) ਨੂੰ 5 ਘੰਟੇ ਜਾਂ ਇਸ ਤੋ ਘੱਟ ਪਾਣੀ ਦੀ ਸਪਲਾਈ ਮਿਲ ਰਹੀ ਹੈ। ਇਸੇ ਤਰ੍ਹਾਂ 79.2% ਲਾਭਪਾਤਰੀਆਂ ਨੂੰ ਸਹੀ ਸਮੇਂ ਤੇ ਹੀ ਪਾਣੀ ਦੀ ਸਪਲਾਈ ਮਿਲ ਰਹੀ ਹੈ। 91.4% ਲਾਭਪਾਤਰੀਆਂ ਦਾ ਪਾਣੀ ਦੀ ਸਪਲਾਈ ਲੋੜ ਅਨੁਸਾਰ ਸਮੇਂ ਤੇ ਮਿਲਨ ਬਾਰੇ ਹਾਂ ਪੱਖੀ ਜਵਾਬ ਸੀ। ਭਾਗੀਦਾਰੀ ਪੇਂਡੂ ਮੁਲਾਕਣ ( PRA exercise) ਦੇ ਨਤੀਜਿਆਂ ਤੋਂ ਇਹ ਵੇਖਣ ਵਿੱਚ ਆਇਆ ਕਿ ਭਾਈਚਾਰਕ (Community) ਸਥਾਨਾਂ ਜਿਵੇਂ ਕਿ ਗੁਰੂਦੁਆਰੇ ਅਤੇ ਸਕੂਲਾਂ ਲਈ ਵਿਭਾਗ ਵੱਲੋਂ ਜੋ ਮੁਫ਼ਤ ਪਾਣੀ ਮੁਹੱਇਆ ਕਰਵਾਇਆ ਜਾ ਰਿਹਾ ਹੈ ਉਸ ਨੂੰ ਭਾਈਚਾਰਕ ਤੌਰ ਤੇ ਸ਼ਲਾਘਾਯੋਗ ਕਦਮ ਦੱਸਿਆ ਹੈ। ਮੁੱਢਲੇ ਸਰਵੇ /ਮੁਲਾਕਣ ਜੋ 2009 ਵਿੱਚ ਕਰਵਾਇਆ ਗਿਆ ਸੀ, ਦਾ ਡਾਟਾ ਅਤੇ ਜਨਸੰਖਿਆ ਸਰਵੇ 2011 ਨੂੰ ਮੌਜੂਦਾ ਅਧਿਐਨ ਦਾ ਅਧਾਰ ਮੰਨਿਆ

ਗਿਆ ਹੈ। ਪੰਜਾਬ ਦੇ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਅਤੇ ਸਵਸਥਾ ਸੇਵਾਵਾਂ ਦੀ ਪਹੁੰਚ ਗਤੀ ਵਿੱਚ ਹੁਣ ਤੱਕ ਹੋਏ ਸੁਧਾਰ ਨੂੰ ਦੇਖਣ ਲਈ ਕੀਤਾ ਗਿਆ ਹੈ।

ਸਾਰੇ ਅਨੁਸੂਚਿਤ ਜਾਤੀ ਪਿੰਡਾਂ ਨੂੰ ਫੰਕਸ਼ਨਲ ਪਾਇਪਡ ਵਾਟਰ ਸਪਲਾਈ (functional piped water supply) ਸਕੀਮ ਦੇ ਅੰਤਰਗਤ ਕਵਰ ਨਹੀਂ ਕੀਤਾ ਗਿਆ ਜੋ ਕਿ ਸਮੂਲੀਅਤ ਦਾ ਮੁੱਦਾ ਹੈ। ਹੋਰ ਅੱਗੇ ਜਿਹੜੇ ਪਿੰਡਾਂ ਵਿੱਚ ਪਹੁੰਚ (visit) ਕੀਤੀ ਗਈ ਉੱਥੇ ਮਹੀਨਾਵਾਰ ਨਿਸ਼ਚਿਤ/ਨਿਰਧਾਰਿਤ ਮਿਲਿਆ ਜਦਕਿ ਵਰਤੋਂ ਦੇ ਹਿਸਾਬ ਨਾਲ ਬਿਲ ਲੈਣਾ ਚਾਹੀਦਾ ਹੈ।

- 76.5% ਲਾਭਪਾਤਰੀਆਂ ਨੇ ਸੋਮੇਂ ਦਾ ਭਰੋਸੇਯੋਗ ਹੋਣਾ ਦੱਸਿਆ ਹੈ । 55% ਲਾਭਪਾਤਰੀਆਂ ਨੇ ਦੱਸਿਆ ਹੈ ਕਿ ਗਰਮੀਆ ਵਿੱਚ ਪਾਣੀ ਦੀ ਸਪਲਾਈ ਦਾ ਸਮਾਂ ਵਧਦਾ ਘਟਦਾ ਰਹਿੰਦਾ ਹੈ ਜਦੋ ਕਿ 26.1 ਲਾਭਪਾਤਰੀਆਂ ਨੇ ਦੱਸਿਆ ਕਿ ਸਾਰਾ ਸਾਲ ਹੀ ਇਹ ਸਥਿਤੀ ਬਣੀ ਰਹਿੰਦੀ ਹੈ। 78.9% ਲਾਭਪਾਤਰੀਆਂ ਨੇ ਸਹੀ ਮਾਤਰਾ ਵਿੱਚ ਪਾਣੀ ਦੀ ਸਪਲਾਈ ਹੋਣ ਦਾ ਅਹਿਸਾਸ ਦਿਵਾਇਆ।
- ਮੌਜੂਦਾ ਸਰੋਤ ਤੋਂ ਜ਼ਿਆਦਾਤਰ ਲਾਭਪਾਤਰੀ (85.3%) ਪਾਣੀ ਪੀਣ ਲਈ ਵਰਤਦੇ ਹਨ ਅਤੇ (84.3%) ਪੀਣ ਵਾਲੇ ਪਾਣੀ ਨੂੰ ਸ਼ੁੱਧ ਨਹੀਂ ਕਰਦੇ। ਇਹ ਪਾਣੀ ਘਰਾਂ ਵਿੱਚ ਸਾਰੇ ਲੋੜੀਂਦੇ ਕੰਮਾਂ ਲਈ ਵਰਤਿਆ ਜਾਂਦਾ ਹੈ।
- 58.9% ਲਾਭਪਾਤਰੀਆਂ ਨੇ ਮੌਜੂਦਾ ਸੋਮਿਆਂ ਤੋਂ ਪ੍ਰਾਪਤ ਹੋ ਰਹੇ ਪੀਣ ਵਾਲੇ ਪਾਣੀ ਗੁਣਵਧਤਾ ਨੂੰ ਚੰਗਾ ਦੱਸਿਆ ਹੈ। 24.7% ਲਾਭਪਾਤਰੀਆ ਨੇ ਪੀਣ ਵਾਲੇ ਪਾਣੀ ਦੇ ਸੁਆਦ ਨੂੰ ਨਾ ਪਸੰਦ ਕੀਤਾ ਹੈ, 10% ਲਾਭਪਾਤਰੀਆ ਨੇ ਪਾਣੀ ਵਿੱਚ ਆਉਣ ਵਾਲੀ ਨਾ ਸਹਿਣਯੋਗ ਮੁਸ਼ਕ ਬਾਰੇ ਦੱਸਿਆ ਹੈ ਅਤੇ 17.5% ਲਾਭਪਾਤਰੀਆ ਨੇ ਦੱਸਿਆ ਹੈ ਕਿ ਮੌਜੂਦਾ ਸੋਮਿਆ ਤੋ ਪ੍ਰਾਪਤ ਹੋ ਰਿਹਾ ਪੀਣ ਵਾਲਾ ਪਾਣੀ ਸਾਫ਼ ਨਹੀਂ ਹੈ।
- ਪਾਣੀ ਦੀ ਪ੍ਰਤੀ ਦਿਨ ਪ੍ਰਤੀ ਵਿਅਕਤੀ ਖਪਤ ਲਗਭੱਗ 50 ਲੀਟਰ ਹੈ ਜੋ ਕਿ ਲੋੜ ਅਨੁਸਾਰ 41 ਤੋ 62 ਲੀਟਰ ਪ੍ਰਤੀ ਵਿਅਕਤੀ ਬਦਲਦੀ ਰਹਿੰਦੀ ਹੈ।
- 45.9% ਲਾਭਪਾਤਰੀਆ ਨੇ ਦੱਸਿਆ ਕਿ ਉਹ ਪਾਣੀ ਦੇ ਬਿਲਾਂ ਦੀ ਅਦਾਇਗੀ ਨਹੀਂ ਕਰਦੇ ਜੋ ਇਕ ਅਣਸੁਖਾਵੀਂ ਵਾਰਤਾ ਦੱਸਦੇ ਹਨ। ਬਾਕੀ 54% ਲਾਭਪਾਤਰੀਆਂ ਵਿੱਚੋਂ 87.6% ਹੀ ਮਹੀਨਾਵਾਰ ਪਾਣੀ ਦੇ ਬਿਲ ਦੀ ਅਦਾਇਗੀ ਕਰਦੇ ਹਨ। ਲੋਕਾਂ ਨਾਲ ਰਾਬਤੇ ਦੌਰਾਨ ਵੇਖਿਆ ਗਿਆ ਕਿ ਗ੍ਰਾਮ ਪੰਚਾਇਤ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀਆਂ ਵੱਲੋਂ ਮਹੀਨੇਵਾਰ ਪਾਣੀ ਦੇ ਬਿਲ ਦਾ ਰੇਟ ਤੈਅ ਕਰਨਾ ਅਤੇ ਲਾਭਪਾਤਰੀ ਲੋਕਾਂ ਤੋਂ ਪੈਸੇ ਲੈਣ ਦਾ ਕੰਮ ਕੀਤਾ ਜਾਂਦਾ ਹੈ।
- ਪਖਾਨਾ ਉਪਲੱਬਤਾ ਇਹ ਦਰਸਾਉਦੀ ਹੈ ਕਿ 83.8% ਘਰਾਂ ਵਿੱਚ ਟੁਆਇਲਟ ਮੌਜੂਦ ਹਨ ਜਿਸ ਵਿੱਚੋ 98.6% ਪਾਖਾਨੇ ਚਾਲੂ ਹਾਲਤ ਵਿੱਚ ਹਨ । ਭਾਗੀਦਾਰੀ ਪੇਂਡੂ ਮੁਲਾਕਣ (PRA) ਦੇ ਨਿਰੀਖਣ ਦੌਰਾਨ ਵੀ ਇਹੋ ਜਿਹਾ ਸਾਹਮਣੇ ਆਇਆ। ਇਹ ਸਾਹਮਣੇ ਆਇਆ ਹੈ ਕਿ ਜਿਨ੍ਹਾਂ ਘਰਾਂ ਵਿੱਚ ਟੁਆਇਲਟ ਨਹੀਂ ਹਨ ਉਹ ਖੁੱਲੇ ਵਿੱਚ ਹੀ ਸੌਚ ਕਰਦੇ ਹਨ।
- ਜ਼ਿਆਦਾਤਰ (89.8%) ਵੇਖਿਆ ਗਿਆ ਕਿ ਗੰਦਾ ਪਾਣੀ ਖੁੱਲੀਆਂ ਨਾਲੀਆਂ ਰਾਹੀਂ ਕੱਢਿਆ ਜਾਂਦਾ ਹੈ। 50% ਕੇਸਾਂ ਵਿੱਚ ਜਿੱਥੇ ਨਾਲੀਆਂ ਨਹੀਂ ਹਨ ਗੰਦੇ ਪਾਣੀ ਦੀ ਨਿਕਾਸੀ ਗਲੀਆਂ ਵਿੱਚ ਕੀਤੀ ਜਾਂਦੀ ਹੈ ਅਤੇ 19.7% ਘਰਾਂ ਦਾ ਗੰਦਾ ਪਾਣੀ ਘਰ ਦੇ ਪਿਛਵਾੜੇ ਵਿੱਚ ਛੱਡਿਆ ਜਾਂਦਾ ਹੈ।
- 97.8 % ਮਾਮਲਿਆ ਵਿੱਚ ਦੇਖਿਆ ਗਿਆ ਹੈ ਘਰੋ ਘਰ ਕੂੜਾ ਚੁੱਕਣ ਦਾ ਰੁਝਾਨ ਇਕ ਆਮ ਗੱਲ ਨਹੀਂ ਹੈ। ਇਹੋ ਰੁਝਾਨ ਭਾਗੀਦਾਰੀ ਪੇਂਡੂ ਮੁਲਾਕਣ (PRA) ਦੌਰਾਨ ਵੀ ਵੇਖਣ ਨੂੰ ਮਿਲਿਆ ਹੈ।
- 42.1% ਘਰਾਂ ਦੀ ਕੂੜਾ ਸੁੱਟਣ ਦੀ ਸਭ ਤੋਂ ਮਨਪਸੰਦ ਜਗ੍ਹਾਂ ਸੜਕ ਦਾ ਕਿਨਾਰਾ ਹੈ, 19.9 % ਘਰਾਂ ਵੱਲੋਂ ਘਰ ਦੇ ਪਿੱਛਲੇ ਵਿਹੜੇ ਵਿੱਚ 19% ਘਰਾਂ ਵੱਲੋਂ ਖੇਤੀਬਾੜੀ ਵਾਲੀ ਜਗ੍ਹਾਂ ਤੇ ਅਤੇ 11.4% ਘਰਾਂ ਵੱਲੋਂ ਕੂੜਾ ਰੂੜੀ ਤੇ ਸੁੱਟਿਆ ਜਾਂਦਾ ਹੈ। 58.1% ਲੋਕਾਂ ਵੱਲੋਂ ਪਿੰਡ ਤੋਂ ਬਾਹਰ ਅਤੇ 41.9% ਲੋਕਾਂ ਵੱਲੋਂ ਪਿੰਡ ਦੇ ਅੰਦਰ ਕੂੜਾ ਸੁੱਟਿਆ ਜਾਂਦਾ ਹੈ।
- 98% ਲੋਕਾਂ ਨੇ ਦੱਸਿਆ ਹੈ ਕਿ ਉਹ ਮਲ ਮੂਤਰ ਤਿਆਗਣ ਤੋਂ ਬਾਅਦ ਆਪਣੇ ਹੱਥ ਧੋਂਦੇ ਹਨ ਅਤੇ 95.7% ਲੋਕ ਖਾਣਾ ਖਾਣ ਤੋਂ ਪਹਿਲਾਂ ਹੱਥ ਧੋਂਦੇ ਹਨ। ਇਸੇ ਤਰ੍ਹਾਂ 97.2% ਘਰਾਂ ਵੱਲੋਂ ਦੱਸਿਆ ਹੈ ਕਿ ਉਹ ਮਲ ਮੂਤਰ ਤਿਆਗਣ ਤੋਂ ਬਾਅਦ ਹੱਥ ਧੋਣ ਲਈ ਸਾਬਣ ਵਰਤਦੇ ਹਨ। ਇਹ ਸਭ ਭਾਗੀਦਾਰੀ ਪੇਂਡੂ ਮੁਲਾਕਣ (PRA) ਦੌਰਾਨ ਵੇਖਿਆ ਗਿਆ।

**ਭਾਗੀਦਾਰੀ :** ਨਿਰਨਾ ਲੈਣ ਵਿਚ ਸਮੂਹ ਭਾਗੀਦਾਰੀ ਬਹੁਤ ਘੱਟ ਪਾਈ ਗਈ ਲਗਭਗ 81% ਲਾਭਪਾਤਰੀ ਨੇ ਦੱਸਿਆ ਕਿ ਅਸੀਂ ਕਦੀ ਵੀ ਪਾਣੀ ਦੀ ਸਕੀਮ ਵਿਚ ਕੋਈ ਨਿਰਨਾ ਨਹੀਂ ਲਿਆ । ਹੋਰ ਅੱਗੇ ਅਨੁਸੂਚਿਤ ਜਾਤੀ ਅਤੇ ਔਰਤਾਂ ਦੀ ਭਾਗੀਦਾਰੀ ਨਹੀਂ ਮਿਲੀ। ਜਿਆਦਾਤਰ ਪਿੰਡ ਦੇ ਲੋਕਾਂ ਨੂੰ ਪਾਣੀ ਅਤੇ ਸਫਾਈ , ਪਾਣੀ ਦੀ ਗੁਣਵੱਤਾ, ਸਾਫ਼-ਸਫ਼ਾਈ ਆਦਿ ਮੁੱਦਿਆਂ ਬਾਰੇ ਕੋਈ ਜਾਨਕਾਰੀ ਨਹੀਂ ਸੀ।

- **ਪਾਰਦਰਸ਼ਤਾ:** ਪਿੰਡ ਦੇ ਲੋਕਾਂ ਵਿਚ ਚਾਲੂ ਸਕੀਮ ਬਾਰੇ ਜਾਗਰੂਕਤਾ ਦੀ ਕਮੀ ਪਾਈ ਗਈ।
- **ਜਿਮੇਦਾਰੀ:** ਜੀ.ਪੀ.ਡਬਲਿਊ.ਐਸ.ਸੀ. ਦੀ ਜਿਮੇਵਾਰੀ ਪਿੰਡਾਂ ਦੇ sliped back ਦਾ ਮੁੱਦਾ ਅਤੇ ਚਾਲੂ ਸਕੀਮ ਦੇ ਰਖ-ਰਖਾਵ ਨੂੰ ਪ੍ਰਭਾਵਿਤ ਕਰਦੀ ਹੈ। ਸਰਵਿਸ ਪੋਵਾਇਡਰ ਦੀ ਜਿਮੇਵਾਰੀ ਦਾ ਮੁੱਦਾ ਜਦੋਂ ਤਕ ਪਿੰਡ ਦੇ ਲੋਕੀ ਇਹਨਾਂ ਦੀ ਸੇਵਾਵਾਂ ਤੋਂ ਖੁਸ਼ ਨਹੀਂ ਹਨ।

- **ਸ਼ਿਕਾਇਤ ਨਿਵਾਰਨ :** ਲੋਕਾਂ ਵੱਲੋਂ ਪਾਣੀ ਸਬੰਧੀ ਕੀਤੀਆਂ ਸ਼ਿਕਾਇਤਾਂ ਅਤੇ ਉਹਨਾਂ ਦਾ ਨਿਪਟਾਰਾ ਕਰਨ ਦੀਆਂ ਸੇਵਾਵਾਂ ਵਿੱਚ ਕਾਫ਼ੀ ਸੁਧਾਰ ਵੇਖਿਆ ਹੈ। ਹੁਣ ਤੱਕ ਕੁੱਲ ਪ੍ਰਾਪਤ ਹੋਈਆਂ ਸ਼ਿਕਾਇਤਾਂ ਵਿੱਚੋਂ 99% ਸ਼ਿਕਾਇਤਾਂ ਦਾ ਨਿਪਟਾਰਾ ਹੋ ਚੁੱਕਾ ਹੈ ਪਰ ਮੁੱਢਲੇ ਸਰਵੇਖਣ ਤੋਂ ਪਾਇਆ ਗਿਆ ਕਿ ਕੇਵਲ 2% ਲੋਕਾਂ ਵੱਲੋਂ ਹੀ ਸ਼ਿਕਾਇਤਾਂ ਦਰਜ ਕਰਵਾਈਆਂ ਗਈਆਂ ਹਨ। ਹੋ ਸਕਦਾ ਹੈ ਕਿ ਉਹਨਾਂ ਨੂੰ ਸ਼ਿਕਾਇਤ ਨਿਵਾਰਨ ਕੇਂਦਰ ਬਾਰੇ ਕੋਈ ਜਾਣਕਾਰੀ ਨਾ ਹੋਵੇ।

  ਮੁੱਢਲੇ ਡਾਟਾ ਤੋਂ ਇਹ ਪਾਇਆ ਗਿਆ ਕਿ ਖਪਤਕਾਰਾਂ ਵੱਲੋਂ ਪਾਣੀ ਦੀ ਸਪਲਾਈ ਸਬੰਧੀ ਸ਼ਿਕਾਇਤਾਂ ਜ਼ਿਆਦਾਤਰ ਪੰਚਾਇਤਾਂ ਕੋਲ (46.3%); (14%) GPWSC ਕੋਲ ਅਤੇ (11.6%) ਪੰਪ ਉਪਰੇਟਰ / ਲਾਈਨਮੈਨ ਕੋਲ ਦਰਜ ਕਰਵਾਈਆ ਜਾਦੀਆ ਹਨ। ਇਹਨਾਂ ਵਿੱਚੋ 26% ਲੋਕ ਮੁਸਕਲਾਤ ਹੋਣ ਦੇ ਵਾਬਜੂਦ ਪਾਣੀ ਦੀ ਸਪਲਾਈ ਸਬੰਧੀ ਸ਼ਿਕਾਇਤਾਂ ਦਰਜ ਨਹੀ ਕਰਵਾਉਂਦੇ। 8.3% ਸਮੱਸਿਆਵਾ ਨੂੰ 3 ਤੋ 7 ਦਿਨਾਂ ਵਿੱਚ ਅਟੈਂਡ ਕੀਤਾ ਜਾਦਾ ਹੈ। ਹੁਣ ਤੱਕ 19% ਸ਼ਿਕਾਇਤਾਂ ਦਾ ਸੰਤੋਖਜਨਕ ਹੱਲ ਕੀਤਾ ਗਿਆ ਹੈ ਜਦ ਕਿ 81% ਕੇਸ ਹਲੇ ਤੱਕ ਅਣਸੁਲਝੇ ਪਏ ਹਨ।

  ਮਹਿਕਮੇ ਵੱਲੋਂ ਦਿੱਤੇ ਡਾਟੇ ਅਨੁਸਾਰ ਹੁਣ ਤੱਕ 2009 ਤੋਂ 2014 ਤੱਕ 42519 ਸ਼ਿਕਾਇਤਾਂ ਦਰਜ ਹੋਈਆਂ ਜਿਹਨਾਂ ਵਿੱਚੋਂ 42147 ਸ਼ਿਕਾਇਤਾਂ ਦਾ ਨਿਪਟਾਰਾ ਹੋ ਚੁੱਕਾ ਹੈ ਜੋ ਕੁੱਲ ਸ਼ਿਕਾਇਤਾਂ ਦਾ ਲੱਗਭਗ 99% ਬਣਦਾ ਹੈ।

ਟੇਬਲ ਈ-1

ਮਹਿਕਮੇ ਵੱਲੋਂ ਪ੍ਰਾਪਤ ਸ਼ਿਕਾਇਤਾਂ ਅਤੇ ਨਿਪਟਾਰਾ ( ਮਿਤੀ 1.12.2009 ਤੋਂ 15.12.2014 ਤੱਕ)

| ਲੜੀ ਨੰ: | ਵੇਰਵਾ | ਨੰਬਰ |
|---|---|---|
| 1 | ਉੱਕਤ ਸਮੇਂ ਵਿੱਚ ਦਰਜ ਹੋਈਆਂ ਕੁੱਲ ਸ਼ਿਕਾਇਤਾਂ | 42519 |
| 2 | ਉੱਕਤ ਸਮੇਂ ਵਿੱਚ ਨਿਪਟਾਰਾ ਕੀਤੀਆਂ ਕੁੱਲ ਸ਼ਿਕਾਇਤਾਂ | 42147 |

- **ਔਰਤਾਂ ਦੀ ਸਥਿਤੀ:** ਇਹ ਪ੍ਰਾਪਤ ਦੂਸਰੀ ਸੂਚਨਾਂ ਦੱਸਦੀ ਹੈ ਕਿ ਲਿੰਗ ਅਨੁਪਾਤ ਘਟ ਰਿਹਾ ਹੈ, ਆਰਥਿਕ ਕੰਮ ਵਿੱਚ ਭਾਗੀਦਾਰੀ ਅਤੇ ਸਿਆਸੀ ਫੈਸਲੇ ਨੂੰ ਕਰਵਾਉਣ ਵਿੱਚ ਨੁਮਾਇੰਦਗੀ ਵੀ ਘੱਟ ਰਹੀ ਹੈ। ਅਧਿਐਨ ਦੌਰਾਨ ਰਾਬਤਾ ਕਰਨ ਵੇਲੇ ਇਹ ਪੁਸਟੀ ਹੋਈ ਕਿ ਘੱਟ ਹਿੱਸਾ ਲੈਣ ਦਾ ਸੱਭ ਤੋਂ ਵੱਡਾ ਕਾਰਨ ਸੀਮਿਤ ਜਾਗਰੂਕਤਾ ਹੈ। ਇਹ ਪੰਜਾਬ ਵਿੱਚ ਔਰਤਾਂ ਦੀ ਨਿਮਨ ਸਥਿਤੀ ਦਰਸਾਓਂਦੇ ਹਨ। ਆਖਿਰ ਵਿੱਚ ਇਹ ਪਾਇਆ ਗਿਆ ਕਿ ਔਰਤਾਂ ਤੇ ਘਰਾਂ ਦੇ ਵੱਧ ਰਹੇ ਬੋਝ ਕਾਰਨ ਉਹਨਾਂ ਦੀਆਂ ਬਿਮਾਰੀਆਂ ਵਿੱਚ ਵਾਧਾ ਹੋ ਰਿਹਾ ਹੈ । ਇਸ ਲਈ ਔਰਤਾਂ ਨੂੰ ਸਸ਼ਕਤ ਕਰਨ ਦੀ ਲੋੜ ਹੈ । ਵਿਰਾਸਤੀ ਕੋਝਾ ਕਾਰਨ 30% ਘਰਾਂ ਵਿੱਚ ਪਖਾਨੇ ਨਾ ਹੋਣ ਦਾ ਸਿੱਧਾ ਅਸਰ ਔਰਤਾਂ ਅਤੇ ਕੁੜੀਆਂ ਨੂੰ ਪ੍ਰਭਾਵਿਤ ਕਰਦਾ ਹੈ। ਕੂੜਾ ਇਕੱਠਾ ਕਰਨ ਅਤੇ ਗੰਦੇ ਪਾਣੀ ਦਾ ਨਿਕਾਸ ਵੀ ਔਰਤਾਂ ਨੂੰ ਪ੍ਰਭਾਵਿਤ ਕਰਦਾ ਹੈ।

## ਸੰਸਥਾਗਤ ਮੁਲਾਕਣ

- ਇਸ ਪ੍ਰੋਜੈਕਟ ਵਿੱਚ ਲਿਆ ਗਿਆ ਮੌਜੂਦਾ ਸੰਸਥਾਗਤ ਮਾਡਲ ਭਾਈਚਾਰੇ ਦੀ ਮੰਗ ਅਨੁਸਾਰ ਕਾਰਵਾਈ ਕਰਦਾ ਹੈ। ਜਿਸ ਦੀ ਵਿਸਥਾਰ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:
  - **ਪਿੰਡ ਪੱਧਰ ਤੇ ਕਮੇਟੀਆ GPWSC** ਜੋ ਕਿ ਪਿੰਡ ਦੀ ਇਕ ਸਥਾਈ ਕਮੇਟੀ ਹੈ, ਉਹ ਪਿੰਡ ਪੱਧਰ ਤੇ ਸੈਨੀਟੇਸਨ ਨਾਲ ਸਬੰਧਿਤ ਯੋਜਨਾ ਨੂੰ ਲਾਗੂ ਕਰਨਾ, ਕੰਮ ਕਰਵਾਉਣਾ, ਰੱਖ ਰਖਾਅ ਅਤੇ ਪ੍ਰਬੰਧ ਸਮੇਤ ਸਾਰੇ ਕੰਮਾਂ ਦੀ ਜਿੰਮੇਵਾਰੀ ਨੂੰ ਨਿਭਾਉਣਾ ਹੈ।
  - **ਜਿਲ੍ਹਾ ਪੱਧਰ:** ਜਿਲ੍ਹਾਂ ਪੱਧਰ ਤੇ ਸਾਰੇ ਪ੍ਰਬੰਧ ਕਰਨ ਲਈ ਜਿਲ੍ਹਾ ਜਲ ਸੈਨੀਟੇਸਨ ਕਮੇਟੀ (DWSC) ਅਤੇ ਜਿਲ੍ਹਾ ਪ੍ਰੋਗਰਾਮ ਪ੍ਰਬੰਧਕ ਸੈੱਲ (DPMC) ਸਾਮਿਲ ਹਨ। ਜਿਲਾ ਜਲ ਤੇ ਸੈਨੀਟੇਸਨ ਕਮੇਟੀ ਇਹ ਯਕੀਨੀ ਬਣਾਵੇਗੀ ਕਿ ਉਹ RWSS ਦੀ ਯੋਜਨਾਂ ਨੂੰ ਪਾਲਣਾ ਕਰਨ ਲਈ ਇਹ ਧਿਆਨ ਰੱਖਣ ਕਿ ਸਾਰੇ ਕੰਮ ਸਮਾਜਿਕ ਪ੍ਰਬੰਧਕੀ ਢਾਚੇ ਦੇ ਅਨੁਸਾਰ ਸਾਰੀਆਂ ਗਤੀਵਿਧੀਆਂ ਜਿਵੇਂ ਕਿ ਯੋਜਨਾਬੰਦੀ ਅਤੇ ਨਿਗਰਾਨੀ ਆਦਿ ਕੀਤੀਆਂ ਗਈਆਂ ਹਨ, ਰਾਜ ਜਲ ਤੇ ਸੈਨੀਟੇਸ਼ਨ ਮਿਸ਼ਨ (SWSM) ਅਤੇ ਜ਼ਿਲ੍ਹਿਆਂ ਵਿਚਕਾਰ ਤਾਲਮੇਲ ਯਕੀਨੀ ਬਣਾਉਣ।

- **ਰਾਜ ਪੱਧਰ:** ਰਾਜ ਪੱਧਰ ਤੇ ਰਾਜ ਜਲ ਤੇ ਸੈਨੀਟੇਸ਼ਨ ਮਿਸ਼ਨ (SWSM) ਵਾਤਾਵਰਣ ਨੀਤੀ ਬਣਾਉਂਦੇ ਹਨ ਅਤੇ ਸਮਾਜਿਕ ਪ੍ਰਬੰਧਕੀ ਢਾਚੇ ਨੂੰ ਲਾਗੂ ਕਰਨ, ਨਿਗਰਾਨੀ ਅਤੇ ਮੁਲਾਕਣ ਕਰਨ ਲਈ ਦਿਸ਼ਾ ਨਿਰਦੇਸ਼ ਜਾਰੀ ਕਰਦੇ ਹਨ। SWSM ਨੂੰ ਵਾਤਾਵਰਣ ਮੁੱਦਿਆ ਨਾਲ ਸਬੰਧਤ ਹੋਰ ਵਿਭਾਗਾਂ ਨਾਲ ਵੀ ਤਾਲਮੇਲ ਰੱਖੇਗਾ। ਪ੍ਰੋਗਰਾਮ ਡਾਇਰੈਕਟਰ, SWSM ਨੂੰ ਸਮਾਜਿਕ ਪ੍ਰਬੰਧਕੀ ਢਾਂਚਾ ਦੁਆਬਾ ਰਾਜ ਭਰ ਵਿੱਚ ਲਾਗੂ ਕਰਨ ਲਈ ਜਿਮੇਵਾਰ ਹੋਵੇਗਾ। SWSM ਵਿੱਚ ਇੱਕ ਰਾਜ ਪੱਧਰੀ ਵਾਤਾਵਰਣ ਮਾਹਿਰ ਹੋਵੇ ਜੋ ਕਿ ਵਾਤਾਵਰਣ ਨਾਲ ਸਬੰਧਤ ਸਾਰੇ ਕੰਮਾਂ ਨੂੰ ਸਮਾਜਿਕ ਪ੍ਰਬੰਧਕੀ ਢਾਂਚਾ (SMF) ਅਨੁਸਾਰ ਕਰਨਾ ਯਕੀਨੀ  ਬਣਾਵੇ ਅਤੇ ਜੋ ਕਿ ਇਸ ਪਲਾਨ ਨੂੰ ਜਰੂਰੀ ਦਿਸ਼ਾ ਨਿਰਦੇਸ਼ ਅਤੇ ਲਾਗੂ ਕਰਨ ਲਈ ਬਜਟ ਮੁਹੱਈਆ ਕਰਵਾਵੇਗਾ।

**ਮੁਲਾਕਣ ਨੀਤੀ :**

ਜਲ ਨੀਤੀ :

ਪਾਣੀ ਦੀਆਂ ਕੌਮੀ ਨੀਤੀਆਂ ਦੇ ਮੱਦੇਨਜਰ ਪੰਜਾਬ ਆਪਣੇ ਰਾਜ ਵਿੱਚ ਲਾਗੂ ਸਮੂਲੀਅਤ ਨੀਤੀ ਨੂੰ ਤਿਆਰ ਕਰਨ ਵਿੱਚ ਕਾਮਯਾਬ ਹੋਇਆ ਹੈ। ਜੇਕਰ 2013 ਦੇ ਆਈ.ਆਈ.ਪੀ.ਏ/ਐਮ.ਓ.ਪੀ.ਆਰ ਦੇ ਵਿਨਾਸਕ ਸੂਚੀ ਅੰਕ ਨੂੰ ਦੇਖਿਆ ਜਾਵੇ ਤਾਂ ਕੌਮੀ ਪੱਧਰ ਦੇ 51 ਅੰਕਾਂ ਦੇ ਮੁਕਾਬਲੇ ਪੰਜਾਬ ਨੂੰ 100 ਵਿਚੋਂ 60 ਅੰਕ ਮਿਲੇ ਹਨ। ਫਿਰ ਵੀ ਜੇ ਸੂਚੀ ਦੇ ਸਹੀ ਵਿਨਾਸਕ ਅੰਕਾਂ ਨੂੰ ਦੇਖਿਆ ਜਾਵੇ ਤਾਂ ਰਾਜ ਨੂੰ ਕੌਮੀ ਪੱਧਰ ਦੇ 34 ਅੰਕਾਂ ਵਿਰੁੱਧ 24 ਅੰਕ ਹੀ ਮਿਲੇ ਹਨ ਕਿਉਂਕਿ ਲੋਕ ਸਭਾ 2013 ਦੇ ਸਵਿਧਾਨਿਕ 11ਵੇਂ ਸਕਿਡਿਊਲ ਦੇ ਸਾਰੇ 29 ਭਾਗਾਂ ਨੂੰ ਲਾਗੂ ਨਹੀਂ ਕੀਤਾ ਗਿਆ । ਪੰਜਾਬ ਦਾ ਵਿੱਤੀ ਵਿਨਾਸਕ ਸੂਚੀ ਅੰਕ ਦੂਜੇ ਰਾਜਾਂ ਦੀ ਤੁਲਨਾਤਮਿਕ ਕਮਜੋਰ ਪਾਇਆ ਗਿਆ- ਕੌਮੀ ਪੱਧਰ ਦੇ 29 ਅੰਕਾਂ ਵਿਰੁੱਧ ਕੇਵਲ 17 ਅੰਕ ਹੀ ਮਿਲੇ ਹਨ।ਇਸੇ ਤਰ੍ਹਾਂ ਸਮਰੱਥਾ ਵਧਾਉਣ ਅਤੇ ਜਿਮੇਵਾਰੀ ਦੇ ਕੌਮੀ ਪੱਧਰ ਤੇ 50 ਅਤੇ 43 ਅੰਕਾਂ ਦੇ ਤੁਲਨਾਮਿਕ 39 ਅਤੇ 47 ਅੰਕ ਕ੍ਰਮਵਾਰ ਮਿਲੇ ਹਨ।

73 ਵੀਂ ਸੰਵਿਧਾਨਕ ਸੋਧ ਅਨੁਸਾਰ ਪੇਡੂੰ ਜਲ ਸਪਲਾਈ ਅਤੇ ਸੈਨੀਟੇਸਨ ਸਕੀਮਾਂ ਦੇ ਵਿਕੇਂਦਰੀ ਪ੍ਰਬੰਧ ਦੀ ਸਥਾਪਨਾ ਲਈ ਰਾਜ ਅੱਗੇ ਵੱਧ ਰਿਹਾ ਹੈ। ਇਸ ਲਈ ਗਰਾਮ ਪੰਚਾਇਤ ਨੂੰ ਸਸ਼ਕਤ ਕੀਤਾ ਗਿਆ ਹੈ । ਗਰਾਮ ਪੰਚਾਇਤ ਜਲ ਸਪਲਾਈ ਤੇ ਸੈਨੀਟੇਸਨ ਕਮੇਟੀ ਨੂੰ ਗਰਾਮ ਪੰਚਾਇਤ ਦੀ ਸਬ-ਕਮੇਟੀ ਦੇ ਤੌਰ ਤੇ ਗਠਿਤ ਕੀਤਾ ਗਿਆ ਹੈ। ਗਰਾਮ ਪੰਚਾਇਤ ਜਲ ਸਪਲਾਈ ਤੇ ਸੈਨੀਟੇਸਨ ਕਮੇਟੀ ਨੂੰ ਜਲ ਸਪਲਾਈ ਸਕੀਮਾਂ ਲਈ ਜਿਮੇਵਾਰੀਆਂ ਸੌਂਪੀਆਂ ਗਈਆਂ ਹਨ ਕਿ ਉਹ ਯੋਜਨਾਂ, ਲਾਗੂ ਕਰਨ ਅਤੇ ਰਖ ਰਖਾਵ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਸਕੀਮ ਚਾਲੂ ਹੋਣ ਤੋ ਬਾਅਦ, ਗਰਾਮ ਪੰਚਾਇਤ ਜਲ ਸਪਲਾਈ ਤੇ ਸੈਨੀਟੇਸਨ ਕਮੇਟੀ ਪਿੰਡ ਨੂੰ ਚੰਗੀ ਗੁਣਵੱਤਾ ਸੇਵਾਵਾਂ ਮੁਹੱਇਆ ਕਰਵਾਉਣ ਅਤੇ ਟਿਕਾਊ ਰਖ ਰਖਾਵ ਲਈ ਮੁੱਖ ਭੂਮਿਕਾ ਨਿਭਾਉਣਗੇ ਅਤੇ ਲਾਭਪਾਤਰੀ ਉਪਯੋਗੀ ਰਖ ਰਖਾਵ ਦੇ ਖਰਚੇ ਨੂੰ ਪੂਰਾ ਕਰਨ ਲਈ ਅਦਾਇਗੀ ਕਰਨਗੇ। ਹੁਣ ਨਿਰਮਲ ਭਾਰਤ ਅਭਿਆਨ ਤਹਿਤ ਵਿਅਕਤੀਗਤ ਘਰੇਲੂ ਲੈਟਰੀਨਾ ਬਣਾਉਣ ਲਈ ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ ਅਤੇ ਗਰੀਬੀ ਰੇਖਾ ਤੋ ਉਪਰਲੇ ਪਰਿਵਾਰ ਜਿਵੇਂ ਕਿ ਅਨੁਸੂਚਿਤ ਜਾਤੀ (SC), ਅਨੁਸੂਚਿਤ ਜਨਜਾਤੀ (ST), ਛੋਟੇ ਤੇ ਗਰੀਬ ਕਿਸਾਨ, ਜਮੀਨ ਤੋ ਬਿਨ੍ਹਾਂ ਕਾਮੇ, ਅਪਾਹਜ ਅਤੇ ਇਸਤਰੀ ਪ੍ਰਮੁੱਖ ਪਰਿਵਾਰ ਹਨ, ਲਈ ਵਿੱਤੀ ਰਿਆਇਤ ਦਿੱਤੀ ਜਾਂਦੀ ਹੈ। ਪੰਜਾਬ ਰਾਜ ਜਲ ਸਪਲਾਈ ਅਤੇ ਸੈਨੀਟੇਸਨ ਨੀਤੀ, 2014 ਤਹਿਤ ਪਿੰਡ ਪੱਧਰ ਤੇ 100% ਘਰਾਂ ਨੂੰ ਸਾਮਿਲ ਕੀਤਾ ਜਾਣਾ ਹੈ। ਇਸ ਨੀਤੀ ਦੇ ਅਨੁਸਾਰ ਗਰੀਬ ਪਰਿਵਾਰ ਅਤੇ ਗਰੀਬੀ ਰੇਖਾ ਤੋ ਹੇਠਲੇ ਪਰਿਵਾਰਾਂ ਨੂੰ ਕੁੱਲ ਲਾਗਤ ਲਈ 10% ਲਾਭਪਾਤਰੀ ਹਿੱਸੇ ਵਿੱਚ 50% ਰਿਆਇਤ ਦੇਣ ਦਾ ਪ੍ਰਬੰਧ ਕੀਤਾ ਹੈ।

ਟੇਬਲ -ਈ 3

ਜਲ ਸਪਲਾਈ ਤੇ ਸੀਵਰੇਜੇ ਸਿਸਟਮ ਲਈ ਵਿੱਤੀ ਰਿਆਇਤ

| ਕੁੱਲ ਲਾਗਤ ਵਿੱਚ ਭਾਗੇਦਾਰੀ | ਆਮ ਲੋਕ | ਗਰੀਬ ਪਰਿਵਾਰ |
|---|---|---|
| ਸਧਾਰਨ ਇਲਾਕਾ | 800 ਰੁਪਏ | 400 ਰੁਪਏ |
| ਮੁਸ਼ਕਿਲ ਇਲਾਕਾ (ਪਹਾੜੀ,ਸੇਮ, ਕੰਢੀ ,ਬਾਰਡਰ ਅਤੇ ਅਨੁਸੂਚਿਤ ਪਿੰਡ ) | 400 ਰੁਪਏ | 200 ਰੁਪਏ |

ਇਸ ਲਈ ਗ੍ਰਾਮ ਪੰਚਾਇਤ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ ਨੂੰ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਵਿਧਵਾ ਔਰਤਾਂ, ਵਿਕਲਾਂਗ ਅਤੇ ਬੇਘਰੇ ਲੋਕਾਂ ਨੂੰ ਵਿੱਤੀ ਸਹਾਇਤਾ ਦੇਣ ਲਈ ਫੈਸਲਾ ਲੈ ਸਕਦੇ ਹਨ। ਪਾਣੀ ਨਾਲ ਸਬੰਧਿਤ ਪਾਲਿਸੀਆਂ ਦੇ ਅਧਿਐਨ ਤੋਂ ਜਾਹਿਰ ਹੈ ਕਿ ਇਹ ਰਾਜ ਭਾਗੇਦਾਰੀ/ਹਿੱਸੇਦਾਰੀ ਤਰੀਕੇ ਅਪਨਾਉਣ ਵਿੱਚ ਤਰੱਕੀ ਕਰ ਰਿਹਾ ਹੈ। ਪੰਜਾਬ ਨੇ ਪਹਿਲਾਂ ਹੀ ਗਰੀਬ ਤਬਕੇ

ਵਾਲੀ ਪਾਲਿਸੀ ਲਾਗੂ ਕੀਤੀ ਹੋਈ ਹੈ।ਇਸ ਲਈ ਇਸ ਪਾਲਿਸੀ ਨੂੰ ਹੋਰ ਸੁਗੜ ਬਣਾਉਣ ਦੀ ਲੋੜ ਨਹੀਂ ਫਿਰ ਵੀ ਕਮਜੋਰ ਤਬਕੇ ਦੀ 100% ਭਾਗੇਦਾਰੀ ਕਰਵਾਉਣ ਲਈ ਕਾਰਜਵਿਧੀ ਬਣਾਉਣ ਦੀ ਸਲਾਹ ਦਿੱਤੀ ਜਾਂਦੀ ਹੈ।

**ਵਿਸ਼ਵ ਬੈਂਕ ਰੱਖਿਆ ਨੀਤੀਆਂ:** ਲੋੜ ਅਨੁਸਾਰ ਵਿਸ਼ਵਬੈਂਕ ਦੀਆ ਬਚਾਓ ਕਵਚ ਪਾਲਿਸੀ ਨੂੰ ਵਿਸਵ ਬੈਕ ਦੀ ਓਪਰੇਸ਼ਨ ਪਾਲਿਸੀ ਲਈ ਵਰਤਣ ਦਾ ਜਿਕਰ ਕੀਤਾ ਗਿਆ ਸੀ।

**ਸਵਦੇਸੀ ਲੋਕ:** ਰਾਜ ਵਿੱਚ ਅਨੁਸੂਚਿਤ ਕਬੀਲਿਆ ਦੀ ਅਬਾਦੀ ਨਾਲ ਸਬੰਧਤ ਕੋਈ ਵੀ ਘਰ ਨਹੀਂ ਹੈ ਇਸ ਲਈ ਪ੍ਰੋਜੈਕਟ ਸਿੱਧੇ ਅਤੇ ਅਸਿੱਧੇ ਤੌਰ ਤੇ ਦੇਸੀ ਲੋਕਾਂ ਦੇ ਮਾਣ, ਮਨੁੱਖੀ ਅਧਿਕਾਰ, ਰੋਜੀ ਰੋਟੀ ਜਾਂ ਸਵਦੇਸੀ ਲੋਕਾਂ ਦੇ ਸਭਿਆਚਾਰ ਨੂੰ ਪ੍ਰਭਾਵਿਤ ਨਹੀਂ ਕਰੇਗਾ। ਇਸ ਲਈ OP 4.10 ਸਵਦੇਸੀ ਲੋਕ ਯੋਜਨਾ ਅਨੁਸਾਰ ਇਹ ਰਾਜ ਦੇ ਕਿਸੇ ਖੇਤਰ ਵਿੱਚ ਲਾਗੂ ਨਹੀਂ ਹੁੰਦੀ ਕਿਉਂਕਿ ਇੱਥੇ ਕੋਈ ਖੇਤਰ ਸਵਦੇਸੀ ਅਬਾਦੀ ਵਾਲਾ ਨਹੀਂ ਹੈ ਪਰ ਇਹ ਯੋਜਨਾਂ ਕਮਜੋਰ ਵਰਗ ਜਿਵੇ ਕਿ ਇਸਤਰੀ ਪ੍ਰਮੁੱਖ ਪਰਿਵਾਰਾ, ਗਰੀਬੀ ਰੇਖਾ ਦੇ ਹੇਠਾਂ ਦੀ ਆਬਾਦੀ, ਅਯੋਗ ਆਬਾਦੀ, ਬੇਸਹਾਰਾ, ਅਨੁਸੂਚਿਤ ਜਾਤੀ ਆਬਾਦੀ ਦੇ ਲੋਕਾਂ ਅਤੇ ਘਰਾਂ ਨੂੰ ਸਾਮਿਲ ਕਰਨ ਲਈ ਤਿਆਰ ਕੀਤਾ ਜਾਵੇਗਾ।

**ਅਣਚਾਹਿਆ ਪੁਨਰਵਾਸ :** ਪੰਜਾਬ ਸਰਕਾਰ ਦੇ ਅਧਿਕਾਰੀਆ ਨਾਲ ਗੱਲਬਾਤ ਦੌਰਾਨ ਇਹ ਦੱਸਿਆ ਗਿਆ ਕਿ ਪੰਜਾਬ ਪੇਂਡੂ ਜਲ ਸਪਲਾਈ ਤੇ ਸਾਫ਼ ਸਫ਼ਾਈ ਨੀਤੀ ਦੇ ਅਨੁਸਾਰ ਬੁਨਿਆਦੀ ਢਾਚਾ ਬਣਾਂਉਣ ਲਈ ਥਾਂ ਪਿੰਡ ਦੀ ਗਰਾਮ ਪੰਚਾਇਤ ਜਲ ਸਪਲਾਈ ਤੇ ਸੈਨੀਟੇਸਨ ਕਮੇਟੀ ਦੁਆਰਾ ਦਿੱਤੀ ਜਾਵੇਗੀ। ਇਸ ਦੀ ਪੁਸਟੀ ਭਾਈਚਾਰੇ ਪੱਧਰ ਤੇ ਹਰ ਪੰਚਾਇਤ ਨਾਲ ਹੋਣ ਵਾਲੀ ਕੇਂਦਰਿਤ ਸਮੂਹ ਚਰਚਾ ( FGD) ਦੌਰਾਨ ਕੀਤੀ ਗਈ ਸੀ। ਇਹੋ ਗੱਲ ਪਿੰਡ ਦੇ ਲੋਕਾਂ ਅਤੇ ਪੰਚਾਇਤ ਦੁਆਰਾ ਵੀ ਦੱਸੀ ਗਈ ਕਿ ਜਿਹੜੀ ਸਾਮਲਾਟ ਦੀ ਜਮੀਨ ਪੰਚਾਇਤ ਕੋਲ ਹੈ ਅਤੇ ਇਸ ਪ੍ਰੋਜੈਕਟ ਅਧੀਨ ਬਣਨ ਵਾਲੇ ਪਬਲਿਕ ਬੁਨਿਆਦੀ ਢਾਂਚੇ ਲਈ ਤਬਦੀਲ ਕਰ ਦਿੱਤੀ ਜਾਵੇਗੀ। ਸਿਰਫ਼ ਸੀਵਰੇਜ ਸਕੀਮਾਂ ਜਿੱਥੇ ਟਰੀਟਮੈਂਟ ਸਿਸਟਮ ਲੱਗਣਾ ਹੈ ਲਈ ਜਮੀਨ ਦੀ ਲੋੜ ਹੈ। ਹਰ ਸਕੀਮ ਲਈ ਢਾਈ ਏਕੜ ਜਮੀਨ ਚਾਹੀਦੀ ਹੈ।ਸੀਵਰੇਜ ਸਕੀਮਾਂ ਲਈ ਉਹੀ ਪਿੰਡ ਚੁਣੇ ਜਾਣੇ ਹਨ ਜਿੱਥੇ ਗ੍ਰਾਮ ਪੰਚਾਇਤ ਕੋਲ ਜਮੀਨ ਉਪਲੱਬਧ ਹੈ। ਇਸ ਪ੍ਰੋਜੈਕਟ ਲਈ ਕੁੱਲ ਜਮੀਨ ਲਗਭਗ 787.5 ਏਕੜ (315 ਸਕੀਮਾਂ × ਢਾਈ ਏਕੜ ਪ੍ਰਤੀ ਸਕੀਮ) ਚਾਹੀਦੀ ਹੈ। ਪ੍ਰੋਜੈਕਟ ਦੇ ਦੂਸਰੇ ਹਿੱਸਿਆਂ ਵਿੱਚ ਸੇਵਾ ਪੱਧਰ ਨੂੰ ਉੱਚਾ ਚੁੱਕਣਾ, ਘਰਾਂ ਨੂੰ ਕੁਨੈਕਸ਼ਨ ਦੇ ਕੇ ਪਾਣੀ ਤੱਕ ਪਹੁੰਚ ਵਧਾਉਣਾ, ਲੋਕਾਂ ਨੂੰ ਸਾਫ਼ ਸੁਥਰਾ ਪਾਣੀ ਦੇਣ ਲਈ ਰਹਿੰਦੇ ਖੇਤਰ ਵਿੱਚ ਪਾਇਪ ਲਾਇਨ ਪਾਉਣ ਨਾਲ ਲੋਕਾਂ ਦੀ ਸਮੂਲੀਅਤ ਵਧਾਉਣਾ ਹੈ। ਇਸ ਲਈ ਪ੍ਰੋਜੈਕਟ ਦੇ ਇਹਨਾਂ ਹਿੱਸਿਆਂ ਲਈ ਜਮੀਨ ਦੀ ਲੋੜ ਨਹੀਂ ਜਾਪਦੀ। ਕਿਸੇ ਖਾਸ ਕੇਸ ਵਿੱਚ ਜੇ ਜਮੀਨ ਦੀ ਲੋੜ ਪਵੇਗੀ ਤਾਂ ਗ੍ਰਾਮ ਪੰਚਾਇਤ ਵੱਲੋਂ ਦਿੱਤੀ ਜਾਣ ਵਾਲੀ ਭਾਰ ਮੁਕਤ ਜਮੀਨ ਹੀ ਵਰਤੀ ਜਾਵੇਗੀ ਜਾਂ ਮਾਰਕੀਟ ਵਿੱਚੋਂ ਸਿੱਧੀ ਖਰੀਦ ਕੀਤੀ ਜਾਵੇਗੀ। (ਵੇਚਣ/ਖਰੀਦਦਾਰ ਦੀ ਸਹਿਮਤੀ ਅਨੁਸਾਰ)

ਇਸ ਲਈ ਕੋਈ ਵੀ ਜਮੀਨ ਮੁੱਲ ਨਹੀਂ ਲਈ ਜਾਵੇਗੀ ਅਤੇ ਇਸ ਲਈ ਲਾਗੂ ਨੀਤੀ (OP) 4.12 ਅਨੁਸਾਰ ਅਣਇਛੱਤ ਸਥਾਪਤ ਕਰਨ ਦੀ ਕੋਈ ਵੀ ਤੁਕ ਨਹੀ ਬਣਦੀ ਪਰ ਇਸ ਪ੍ਰੋਜੈਕਟ ਨੂੰ ਲਗਾਉਣ ਲਈ ਜਾ ਵਾਧਾ ਕਰਨ ਲਈ ਜੇ ਕੋਈ ਜ਼ਮੀਨ ਦੀ ਜਰੂਰਤ ਪੈਦੀ ਹੈ ਤਾਂ ਉਹ ਪੰਚਾਇਤ ਦੁਆਰਾ ਮੁਹੱਈਆ ਕਰਵਾਈ ਜਾਵੇਗੀ। ਪਰ ਪੰਚਾਇਤਾਂ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਇਸ ਲਈ ਕੋਈ ਵੀ ਜਮੀਨ ਮੁੱਲ ਨਾ ਲਈ ਜਾਵੇ।

- ਉੱਥੇ ਕੋਈ ਵੀ ਅਣਇੱਛਤ ਜਮੀਨ ਮੁੱਲ ਨਾ ਲਈ ਜਾਵੇ।
- ਪੰਚਾਇਤੀ ਜਮੀਨ ਹੀ ਇਸ ਕੰਮ ਲਈ ਵਰਤੀ ਜਾਵੇਗੀ।
- ਇਹ ਜ਼ਮੀਨ ਤੇ ਕੋਈ ਨਜਾਇਜ ਕਬਜਾ ਨਹੀਂ ਹੋਵੇਗਾ ਅਤੇ ਇਹ ਜਮੀਨ ਭਾਰ ਮੁਕਤ ਹੈ।
- ਜ਼ਮੀਨ ਭਾਈਚਾਰੇ ਦੁਆਰਾ ਚੁਣੀ ਜਾਵੇਗੀ ਜਿੱਥੇ ਪਾਣੀ ਦੀ ਉਪਲੱਬਤਾ ਯਕੀਨੀ ਹੋਵੇਗੀ।
- ਮੁਫ਼ਤ ਦਿੱਤੀ ਜਮੀਨ ਦੀ ਤਸੱਲੀ ਕੀਤੀ ਜਾਵੇਗੀ।
- ਜ਼ਮੀਨ ਨੂੰ ਤਬਦੀਲ ਕਰਨ ਦਾ ਕੰਮ ਮੁਕੰਮਲ ਕੀਤਾ ਜਾਵੇਗਾ ਅਤੇ ਜਮੀਨ ਦਾ ਸਿਰਲੇਖ, ਵਿਕਰੀ ਡੀਡ ਜਾਂ ਸਮਝੋਤੇ ਦੁਆਰਾ ਭਾਈਚਾਰੇ ਕੋਲ ਕੀਤਾ ਜਾਵੇਗਾ।
- ਸ਼ਿਕਾਇਤ ਨਿਵਾਰਣ ਦਾ ਪ੍ਰਬੰਧ ਕੀਤਾ ਜਾਵੇਗਾ।

ਪ੍ਰਵਾਨਗੀ ਦੇਣ ਤੋਂ ਪਹਿਲਾਂ ਜ਼ਮੀਨ ਦੇ ਲੈਣ ਦੇਣ ਦਾ ਕੰਮ ਮੰਡਲ ਦਫ਼ਤਰ ਦੁਆਰਾ ਕਿਸੇ ਹੋਰ ਏਜੰਸੀ ਰਾਹੀਂ ਕਰਵਾਇਆ ਜਾਵੇਗਾ। ਉਸ ਜ਼ਮੀਨ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ ਜਿਸ ਦੇ ਮਾਲਕ ਕੋਲ ਆਰਥਿਕ ਸਮਰੱਥ ਮਿੱਥੇ ਅਨੁਸਾਰ (2.5 ਏਕੜ) ਦੇ ਬਰਾਬਰ ਜਾਂ ਉਸ ਤੋਂ ਘੱਟ ਜਮੀਨ ਹੋਵੇ।

**ਸਮਰੱਥਾ ਵਧਾਉਣ ਨੀਤੀ ਅਤੇ ਕਾਰਜ ਯੋਜਨਾ**

ਰਾਜ ਜਲ ਅਤੇ ਸੈਨੀਟੇਸ਼ਨ ਮਿਸ਼ਨ (SWSM) ਇਕ ਉੱਚ ਪੱਧਰੀ ਅਤੇ ਮਾਰਗ ਦਰਸ਼ਨ ਕਰਨ ਵਾਲੀ ਸੰਸਥਾ ਹੈ। ਇਸ ਵਿੱਚ ਕੁਝ ਨਵਾਂ ਕਰਨ ਲਈ ਅਤੇ ਸਬੰਧਤ ਰਾਜ ਜਲ ਅਤੇ ਸੈਨੀਟੇਸ਼ਨ ਮਿਸ਼ਨ (SWSM), ਰਾਜ ਪ੍ਰੋਗਰਾਮ ਮੈਨੇਜਮੈਂਟ ਸੈੱਲ (SPMC) ਅਤੇ CCDU ਦੇ ਅਧਿਕਾਰੀਆਂ ਨੂੰ ਲਿੰਗ ਸਮਾਨਤਾ ਅਤੇ ਸਮਾਜਿਕ ਸਮੂਲੀਅਤ ਗਿਆਨ ਵਿੱਚ ਵਾਧਾ ਕਰਨ ਦੀ ਰਣਨੀਤੀ ਨੂੰ ਲਾਗੂ ਕਰਨ ਦੀ ਲੋੜ ਹੈ। ਪਾਣੀ ਦੀ ਸਪਲਾਈ ਤੇ ਸਿਸਟਮ ਨੂੰ ਟਿਕਾਊ ਅਤੇ ਚੰਗਾ ਬਣਾਉਣ ਲਈ ਜਵਾਬਦੇਹੀ, ਮਾਰਗ ਨਿਗਰਾਨ ਵਿਧੀ ਅਤੇ ਦੂਜੇ ਵਿਭਾਗਾਂ ਨਾਲ ਤਾਲਮੇਲ ਦੀ ਲੋੜ ਹੈ। ਨਿਗਰਾਨੀ ਲਈ ਆਨਲਾਇਨ ਸਿਸਟਮ ਨੂੰ ਰਾਜ ਜ਼ਿਲ੍ਹਾ ਅਤੇ ਬਲਾਕ ਪੱਧਰ ਤੇ ਟਿਕਾਊ ਬਣਾਉਣ ਲਈ - ਸਮਰੱਥਾ ਵਧਾਉਣ, ਐਮ.ਆਈ.ਐਸ. ਡਾਟਾ ਅਧਾਰਿਤ ਫੀਡਬੈਕ ਵਿਧੀ, ਅਪਲੋਡ ਖੇਤਰ ਨਿਗਰਾਨੀ ਮੁਲਾਕਾਤਾਂ, ਮਨੁੱਖੀ ਸਰੋਤਾਂ ਦੀ ਟਰੇਨਿੰਗ, ਵਿੱਤ ਪ੍ਰਬੰਧਨ, ਪ੍ਰਭਾਵਸ਼ਾਲੀ, ਸ਼ਿਕਾਇਤ ਨਿਵਾਰਨ, ਰਖ-ਰਖਾਵ ਅਤੇ ਦਿਸ਼ਾ ਸੰਕਟ ਨਿਗਰਾਨੀ ਸਹਿਯੋਗ ਸਿਸਟਮ ਦੀ ਲੋੜ ਹੈ। ਸਮਰੱਥਾ ਵਧਾਉਣ ਨੀਤੀ ਚਾਰ ਪੱਧਰ ਤੇ ਪ੍ਰਸਤਾਵਿਤ ਦਿੱਤੇ ਖੁਲਾਸੇ ਤੇ ਅਧਾਰਿਤ ਹੈ:

**ਸਟੇਜ ਇੱਕ : ਰਾਜ ਪੱਧਰ-** SWSM, SPMC ਅਤੇ CCDU ਦੇ ਅਧਿਕਾਰੀਆਂ ਦੇ ਲਈ ਇਕ ਰਾਜ ਪੱਧਰੀ ਵਰਕਸਾਪ ਕਰਵਾਈ ਜਾਵੇ ਜਿਸ ਵਿੱਚ ਨਵੀਨਤਮ ਜਾਣਕਾਰੀ , ਲਿੰਗ ਸਮਾਨਤਾ ਦੀ ਮਹੱਤਤਾ ਤੇ ਸੰਵੇਦਨਸੀਲਤਾ ਆਦਿ ਦੀ ਜਾਣਕਾਰੀ ਦਿੱਤੀ ਜਾਵੇ।

**ਸਟੇਜ ਦੋ: ਜ਼ਿਲ੍ਹਾ ਪੱਧਰ -** ਜ਼ਿਲ੍ਹਾ ਪੱਧਰ ਦੀਆਂ ਵਰਕਸ਼ਾਪ ਕਰਵਾਈਆਂ ਜਾਣ ਜਿਸ ਵਿੱਚ ਪ੍ਰੋਜੈਕਟ ਦੀ ਜਾਣਕਾਰੀ ਜਿਵੇਂ ਇੱਕੋ ਪਿੰਡ ਅਤੇ ਬਹੁ ਪਿੰਡ ਜਲ ਸਪਲਾਈ ਸਕੀਮਾਂ ਲਾਗੂ ਕਰਨਾ, ਸਵਸਥਾ ਅਭਿਆਨ, ਹਿੱਸੇਦਾਰੀ, ਪ੍ਰੋਜੈਕਟ ਦਾ ਲਾਭਪਾਤਰੀ ਹਿੱਸਾ, ਲਿੰਗ ਸਮਾਨਤਾ ਦੀ ਮਹੱਤਤਾ ਤੇ ਸੰਵੇਦਨਸੀਲਤਾ ਆਦਿ ਜ਼ਿਲ੍ਹਾ ਜਲ ਅਤੇ ਸੈਨੀਟੇਸ਼ਨ ਕਮੇਟੀ ਅਤੇ ਜ਼ਿਲ੍ਹਾ ਪਰਿਸਦ ਦੇ ਅਧਿਕਾਰੀਆਂ ਨੂੰ ਦੇਣ ਦੀ ਲੋੜ ਹੈ।

**ਸਟੇਜ ਤਿੰਨ : ਮੰਡਲ ਪੱਧਰ-** ਦੀਆਂ ਵਰਕਸ਼ਾਪਾਂ ਕਰਵਾਈਆਂ ਜਾਣ ਜਿਸ ਵਿੱਚ ਪ੍ਰੋਜੈਕਟ ਬਾਰੇ ਜਾਣਕਾਰੀ ਜਿਵੇਂ ਇੱਕੋ ਪਿੰਡ ਅਤੇ ਬਹੁ ਪਿੰਡ ਜਲ ਸਪਲਾਈ ਸਕੀਮਾਂ ਲਾਗੂ ਕਰਨਾ, ਸਵਸਥਾ ਅਭਿਆਨ, ਹਿੱਸੇਦਾਰੀ, ਪ੍ਰੋਜੈਕਟ ਦਾ ਲਾਭਪਾਤਰੀ ਹਿੱਸਾ, ਲਿੰਗ ਸਮਾਨਤਾ ਦੀ ਮਹੱਤਤਾ ਤੇ ਸੰਵੇਦਨਸੀਲਤਾ ਆਦਿ ਬਲਾਕ ਕੋਆਰਡੀਨੇਟਰ ਅਤੇ ਜੀ.ਪੀ.ਡਬਲਿਊ.ਐਸ.ਸੀ. ਮੈਂਬਰਾਂ ਨੂੰ ਦੇਣ ਦੀ ਲੋੜ ਹੈ।

**ਸਟੇਜ ਚਾਰ: ਪਿੰਡ ਪੱਧਰ -**

- ਸਕੂਲੀ ਬੱਚਿਆਂ ਲਈ ਪ੍ਰਰਾਥਨਾਂ ਮੀਟਿੰਗਾਂ ਜਿਸ ਵਿੱਚ ਸਾਫ਼ ਸਫ਼ਾਈ ਅਤੇ ਪਾਣੀ ਦੀ ਸਹੀ ਵਰਤੋਂ ਲਈ ਜਾਣਕਾਰੀ ਦੇਣਾ
- ਆਂਗਨਵਾੜੀ ਤੇ ਸਿਹਤ ਵਰਕਰਾਂ ਨਾਲ ਮੀਟਿੰਗਾਂ ਕਰਨਾ ਜਿਸ ਵਿੱਚ ਸਾਫ਼ ਪਾਣੀ ਅਤੇ ਪਾਣੀ ਸੈਂਪਲ ਟੈਸਟ ਕਰਨਾ ਆਦਿ।
- ਮਿਸਤਰੀ ਪੱਧਰ ਟਰੇਨਿੰਗ- ਚੰਗੀ ਤਕਨੀਕ ਨਾਲ ਪਖਾਨੇ ਬਣਾਉਣ ਲਈ
- ਪਲੰਬਰ ਟਰੇਨਿੰਗ ਆਦਿ ਕਰਵਾਉਣਾ

## ਸਮਾਜਿਕ ਪ੍ਰਬੰਧਕੀ ਕਾਰਜਵਿਧੀ

## ਮੁੱਖ ਖਤਰੇ ਤੇ ਉਹਨਾਂ ਦੇ ਬਚਾਓ

**ਭਾਈਚਾਰਕ ਮਦਦ ਅਤੇ ਭਾਗੇਦਾਰੀ:** ਇਸ ਪ੍ਰੋਜੈਕਟ ਦਾ ਕੰਮ ਕਰਨ ਲਈ ਭਾਈਚਾਰੇ ਦੀ ਲੰਮੇਂ ਸਮੇਂ ਤੱਕ ਸਹਿਯੋਗ ਦੀ ਲੋੜ ਹੋਵੇਗੀ। ਪਿੰਡਾਂ/ਲੋਕਾਂ ਨਾਲ ਗੱਲਬਾਤ ਕਰਨ ਤੇ ਸਾਹਮਣੇ ਆਇਆ ਕਿ ਇਸ ਨੂੰ ਲਾਗੂ ਕਰਨ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ।

- ਭਾਈਚਾਰੇ ਵਿੱਚ ਇਸ ਨੂੰ ਲਾਗੂ ਕਰਨ ਲਈ ਜਾਗਰੂਕਤਾ ਵਧਾਉਣ ਦੀ ਲੋੜ ਹੈ।
- ਸਮਾਜਕ ਪਿਛੜੇ ਗਰੁੱਪ ਜੋ ਚੰਗੀ ਆਰਥਿਕ ਸਥਿਤੀ ਵਿੱਚ ਨਹੀਂ ਹਨ ਅਤੇ ਉਹ ਕੁੱਲ ਰਕਮ ਵਿੱਚ ਅਦਾਇਗੀ ਕਰਨ ਲਈ ਅਸਮਰੱਥ ਹੋਣਗੇ ।
- ਔਰਤਾਂ ਦੀ ਘੱਟ ਭਾਗੇਦਾਰੀ, ਆਰਥਿਕ ਸਸ਼ਕਤੀਕਰਨ ਘੱਟ ਹੋਣਾ, ਅਨਪੜ੍ਹਤਾ ਅਤੇ ਪਰਿਵਾਰ ਦੇ ਫੈਸਲਿਆ ਵਿੱਚ ਘੱਟ ਹਿੱਸਾ ਲੈਣਾ ਆਦਿ।

ਸਕੀਮ ਬਣਾਉਣ ਦੇ ਵੱਖਰੇ-ਵੱਖਰੇ ਪੱਧਰ ਤੇ ਹਿੱਸੇਦਾਰਾਂ ਨਾਲ ਸਲਾਹ ਮਸਵਰਾ ਕਰਕੇ ਇਹਨਾ ਮੁਸਕਲਾਂ ਦਾ ਹੱਲ ਕੱਢਿਆ ਜਾ ਸਕਦਾ ਹੈ।

### ਲਗਾਤਾਰ ਜਲ ਸਪਲਾਈ

ਲੋਕਾਂ ਨੂੰ ਪਾਇਪਾਂ ਰਾਹੀਂ ਪੀਣ ਵਾਲੇ ਪਾਣੀ ਦੀ ਸਪਲਾਈ ਸਬੰਧੀ ਕਦੇ ਕਦਾਈ ਅਤੇ ਘੱਟ ਵੱਧ ਪਾਣੀ ਦੀ ਦਿੱਕਤ ਪੇਸ਼ ਆਉਂਦੀ ਹੈ। ਇਸ ਲਈ ਲੋਕਾਂ ਵੱਲੋਂ ਸੀਵਰ ਕੁਨੈਕਸਨ ਲੈਣ ਤੋਂ ਪਹਿਲਾਂ ਚੰਗੀ ਮਾਤਰਾ ਵਿੱਚ ਪਾਣੀ ਸਮੇਂ ਸਿਰ ਲੈਣਾਂ ਪਸੰਦ ਕਰਨਗੇ। ਘੱਟ ਵੱਧ ਬਿਜਲੀ ਸਪਲਾਈ ਕਾਰਨ ਪਾਣੀ ਪੰਪ ਖਰਾਬ ਹੁੰਦੇ ਹਨ ਤੇ ਕਾਫ਼ੀ ਮਾਤਰਾ ਵਿੱਚ ਸਕੀਮ ਤੇ ਲੱਗਾ ਜੇ ਉਹਨਾਂ ਨੂੰ ਪਾਣੀ ਹਰ ਰੋਜ ਸਮੇਂ ਸਿਰ

ਨਾ ਮਿਲਿਆ ਤਾਂ ਉਹ ਆਪਣੇ ਪੁਰਾਣੇ ਪਾਣੀ ਦੇ ਸੋਮੇ ਵਰਤਣ ਨੂੰ ਮਜ਼ਬੂਰ ਹੋਣਗੇ ਜਿਸ ਕਰਕੇ ਖਰਾਬ ਪਾਣੀ ਨਾਲ ਉਹਨਾਂ ਦੀ ਸਿਹਤ ਸਬੰਧੀ ਮੁੱਦੇ ਖਤਮ ਨਹੀਂ ਹੋਣਗੇ। ਲੋੜੀਂਦੇ ਬਚਾਓ ਤਰੀਕੇ ਹਨ:

1. ਲੋਕਾਂ ਨੂੰ ਪਾਣੀ ਦੇ ਸਮੇਂ, ਮਾਤਰਾ, ਗੁਣਾਤਮਕ ਕਰਨ ਲਈ ਤਰੀਕੇ ਤਲਾਸ ਕਰਨੇ ਹੋਣਗੇ।

2. ਪਾਣੀ ਦੀ ਸਪਲਾਈ ਲਗਾਤਾਰ ਦੇਣ ਲਈ ਬਿਜਲੀ ਦੇ ਦੂਸਰੇ ਪ੍ਰਬੰਧ ਕਰਨ ਬਾਰੇ ਵੀ ਸੋਚਣਾ ਹੋਵੇਗਾ ਜਿਵੇਂ ਕਿ ਸ਼ੌਰ ਊਰਜਾ ਆਦਿ।

## ਔਰਤਾਂ ਦੀ ਸੀਮਤ ਭਾਗੀਦਾਰੀ

ਔਰਤਾਂ ਸਮਾਜ ਦੀ ਲੱਗਭਗ 50% ਜਨਸੰਖਿਆ ਹੈ ਅਤੇ ਉਹਨਾਂ ਨੂੰ ਅਜੇ ਤੱਕ ਲੋੜੀਂਦਾ ਸਸ਼ਕਤ ਨਹੀਂ ਕੀਤਾ ਗਿਆ ਤਾਂ ਜੋ ਉਹ ਮੀਟਿੰਗਾਂ ਵਿੱਚ ਹਿੱਸਾ ਲੈਣ ਅਤੇ ਪਾਣੀ ਦੀ ਸਪਲਾਈ ਸਬੰਧੀ ਲੋੜੀਂਦੇ ਫੈਸਲੇ ਲੈ ਸਕਣ । ਇਹਨਾਂ ਸੁਧਾਰ ਤਰੀਕਿਆਂ ਨੂੰ ਲਾਗੂ ਕਰਨ ਲਈ ਲਿੰਗ ਕਾਰਜ ਵਿਧੀ ਵਿੱਚ ਔਰਤਾਂ ਦੀ ਭਾਗੀਦਾਰੀ ਯਕੀਨੀ ਬਣਾਉਣ ਦੀ ਲੋੜ ਹੈ।

## ਬਲਾਕ ਪੱਧਰ ਤੇ ਸਥਾਈ ਢਾਂਚਾ ਤੇ ਸਟਾਫ ਦੀ ਘਾਟ :

ਪ੍ਰੋਜੈਕਟ ਨੂੰ ਲਾਗੂ ਕਰਨ ਦੇ ਵੱਖਰੇ ਵੱਖਰੇ ਪੱਧਰ ਤੇ ਸਟਾਫ ਦੀ ਘਾਟ ਪਾਈ ਗਈ । ਜੋ ਅਮਲਾ ਬਲਾਕ ਪੱਧਰ ਤੇ ਪੇਂਡੂ ਲੋਕਾਂ ਦੇ ਨੇੜੇ ਹੁੰਦਾ ਹੈ ਦੀ ਅਣਹੋਂਦ ਕਾਰਨ ਪ੍ਰੋਜੈਕਟ ਨੂੰ ਲਾਗੂ ਕਰਨ ਲਈ ਬੁਰਾ ਪਭਾਵ ਪਾਉਂਦਾ ਹੈ। ਹੇਠਲੇ ਪੱਧਰ ਦੇ ਸਟਾਫ ਨੂੰ ਮੁੱਢਲੀ ਜਾਣਕਾਰੀ ਅਤੇ ਸਮਰੱਥਾ ਵਧਾਉਣ ਲਈ ਬਲਾਕ ਪੱਧਰ ਤੇ ਸਰੋਤ ਕੇਂਦਰ ਬਣਾਉਣ ਦੀ ਲੋੜ ਹੈ।

ਜ਼ਿਲ੍ਹਾ ਪ੍ਰੋਗਰਾਮ ਮੈਨੇਮੈਂਟ ਸੈੱਲ ਵਿੱਚ 85 ਅਸਾਮੀਆਂ ਵਿਰੁੱਧ 32 ਅਸਾਮੀਆਂ ਖਾਲੀ ਪਈਆਂ ਹਨ ਜਿਵੇਂ ਕਿ ਉਪ ਮੰਡਲ ਇੰਜੀਨੀਅਰ-ਕਮ-ਪ੍ਰੋਗਰਾਮ ਮੈਨੇਜਮੈਂਟ ਅਫ਼ਸਰ, ਪਰੀਕਿਓਰਮੈਂਟ ਮਾਹਿਰ , ਸਹਾਇਕ ਪਰੀਕਿਓਰਮੈਂਟ ਮਾਹਿਰ ( ਉਪ ਮੰਡਲ ਇੰਜਨੀਅਰ ਪੱਧਰ ), ਡਾਟਾ ਵੈਦਿਤਾ ਅਫ਼ਸਰ( ਉਪ ਮੰਡਲ ਇੰਜਨੀਅਰ ਪੱਧਰ ), ਮੁੱਖ ਨਕਸ਼ਾ ਨਵੀਸ , ਨੈੱਟਵਰਕ ਪ੍ਰਬੰਧਕ, ਸੀਨੀਅਰ ਐਚ.ਆਰ.ਡੀ. ਮਾਹਿਰ, ਆਈ.ਈ.ਸੀ. ਮਾਹਿਰ, ਸੰਚਾਰ ਮਾਹਿਰ, ਆਈ.ਟੀ. ਮਾਹਿਰ ਅਤੇ ਸਵਾਗਤਕਰਤਾ। ਇਸੇ ਤਰ੍ਹਾਂ ਜ਼ਿਲ੍ਹਾ ਪ੍ਰੋਗਰਾਮ ਮੈਨੇਜਮੈਂਟ ਸੈੱਲ ਵਿੱਚ 402 ਅਸਾਮੀਆਂ ਵਿਰੁੱਧ 136 ਅਸਾਮੀਆਂ ਖਾਲੀ ਹਨ। ਜਿਹਨਾਂ ਵਿੱਚ ਉੱਪ ਮੰਡਲ ਇੰਜੀਨੀਅਰ(6), ਜੂਨੀਅਰ ਇੰਜੀਨੀਅਰ(11), ਐਚ.ਆਰ.ਡੀ.ਮਾਹਿਰ (15), ਆਈ.ਈ.ਸੀ.ਮਾਹਿਰ (21), ਵਿੱਤੀ ਅਫ਼ਸਰ (4) , ਐਮ.ਆਈ.ਐਸ. , ਤਕਨੀਕੀ ਚਾਲਕ(4), ਵਿੱਤੀ ਸਹਾਇਕ(6), ਡਾਟਾ ਐਂਟਰੀ ਓਪਰੇਟਰ (21) ਆਦਿ। ਬਲਾਕ ਰੀਸੋਰਸ ਕੋਆਰਡੀਨੇਟਰ ਜੋ 50% ਹੀ ਉਪਲੱਬਧ ਹਨ ਨਾਲ ਚੰਗੀ ਯੋਜਨਾ ਬਣਾਉਣਾ, ਲਾਗੂ ਕਰਨਾ ਅਤੇ ਮੁਲਾਕਣ ਕਰਨਾ ਪ੍ਰਭਾਵਿਤ ਹੋ ਰਹੇ ਹਨ। ਫਿਰ ਵੀ ਮੌਜੂਦਾ ਸਟਾਫ ਨਾਲ ਮਹਿਕਮਾ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਵਿੱਚ ਸਫ਼ਲ ਹੋਇਆ ਹੈ ਪ੍ਰੰਤੂ ਸਮਾਜਿਕ ਵਿਕਾਸ ਇੱਕ ਲੰਬਾ ਰਸਤਾ ਹੈ ਜਿਸ ਨੂੰ ਟਿਕਾਊ ਤਰੀਕੇ ਨਾਲ ਤਹਿ ਕਰਨ ਲਈ ਸਮਰਪਿਤ ਸਮਾਜਿਕ ਵਿਕਾਸ ਯੂਨਿਟ ਸਥਾਪਿਤ ਕਰਨ ਲਈ ਸੁਝਾਅ ਦਿੱਤਾ ਜਾਂਦਾ ਹੈ।

## ਸਟਾਫ ਨੂੰ ਸਾਫਟ ਸਕਿਲ ਦੀ ਘਾਟ

ਹੇਠਲੇ ਪੱਧਰ ਦੇ ਸਟਾਫ ਨਾਲ ਗੱਲਬਾਤ ਕਰਦਿਆਂ ਇਹ ਦੇਖਿਆ ਗਿਆ ਹੈ ਕਿ ਉਹਨਾਂ ਦੀ ਸਮਰੱਥਾ ਵਿਚ ਵਾਧਾ ਕਰਨ ਦੀ ਲੋੜ ਹੈ ਕਿਉਂਕਿ ਉਹ ਲਗਾਤਾਰ ਹੀ ਪ੍ਰੋਜੈਕਟ ਚਲਾਉਣ ਵਿਚ ਇਕ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਲਈ ਜਰੂਰੀ ਹੈ ਕਿ ਬਲਾਕ ਪੱਧਰ ਦੇ ਰਿਸੋਰਸ ਸੈਂਟਰ ਤੇ ਉੱਥੇ ਲੱਗੇ ਵੱਖ-ਵੱਖ ਸਟਾਫ ਨੂੰ ਸਾਫਟ ਸਕਿਲ ਦੇਣ ਦੀ ਲੋੜ ਹੈ ਤਾਂ ਜੋ ਉਹ ਚੰਗੀਆਂ ਸੇਵਾਵਾਂ ਦੇ ਸਕਣ। ਸਟਾਫ ਨੂੰ ਸਕੀਮ ਦੇ ਵੱਖ ਵੱਖ ਪੱਧਰ ਤੇ ਸਾਫਟ ਸਕਿੱਲ ਮੁਹੱਈਆ ਕਰਵਾਉਣ ਨਾਲ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਵਿੱਚ ਵਾਧਾ ਹੋਵੇਗਾ।

## ਬਰਾਬਰਤਾ ਤੇ ਸਮੂਲੀਅਤ

**ਭਾਰਤ ਪੱਧਰ ਤੇ ਸਿ**ਹਤ ਤੇ ਸਾਫ਼ ਸਫ਼ਾਈ ਦੇ ਮਾਮਲੇ ਵਿਚ ਪੰਜਾਬ ਉੱਚ ਦਰਜੇ ਵਿਚ ਆਉਂਦਾ ਹੈ। ਫਿਰ ਵੀ 29% ਪੇਂਡੂ ਲੋਕਾਂ ਕੋਲ ਘਰੇਲੂ ਪਖਾਨੇ ਨਹੀਂ ਹਨ ਜਦ ਕਿ 59% ਲੋਕਾਂ ਕੋਲ ਸੈਪਟਿਕ ਟੈਕ ਘਰਾਂ ਵਿੱਚ ਬਣੇ ਹੋਏ ਹਨ। ਇਸ ਲਈ ਇਹਨਾਂ ਘਰਾਂ ਨੂੰ ਪਹਿਲਾਂ ਪਾਖਾਨੇ ਨਾਲ ਅਤੇ ਫਿਰ ਸੀਵਰ ਨਾਲ ਜੋੜਨ ਲਈ ਵਿਸ਼ੇਸ਼ ਵਿੱਤੀ ਸਹਾਇਤਾ ਦੀ ਲੋੜ ਹੈ । ਇਸ ਲਈ ਪ੍ਰੋਜੈਕਟ ਵਿੱਚ 100% ਲੋਕਾਂ ਨੂੰ ਜੋੜਨ ਲਈ ਖਾਸ ਸਹਾਇਤਾ ਦੀ ਲੋੜ ਹੈ।

## ਗਰਾਮ ਪੰਚਾਇਤ ਕਮੇਟੀਆਂ ਨੂੰ ਤਕਨੀਕੀ ਤੇ ਰਿਕਾਰਡ ਦੇ ਰਖ ਰਖਾਵ ਲਈ ਸਸ਼ਕਤ ਕਰਨ ਦੀ ਲੋੜ

ਇਹ ਦੇਖਿਆ ਗਿਆ ਹੈ ਕਿ ਗਰਾਮ ਪੰਚਾਇਤ ਜਲ ਸਪਲਾਈ ਕਮੇਟੀਆਂ ਵੱਲੋਂ ਸਕੀਮਾਂ ਨੂੰ ਚਲਾਉਣ ਤੇ ਰਖ -ਰਖਾਵ ਦੀ ਜਿਮੇਵਾਰੀ ਲਈ ਹੋਈ ਹੈ ਪਰ ਰਖ ਰਖਾਵ ਲਈ ਤਕਨੀਕੀ ਯੋਗਤਾ ਤੇ ਰਿਕਾਰਡ ਰੱਖਣ ਵਿੱਚ ਕਾਫੀ ਪਿੱਛੇ ਹਨ। ਜਿਸ ਨਾਲ ਸਕੀਮਾਂ ਨੂੰ

ਟਿਕਾਊ ਤਰੀਕੇ ਨਾਲ ਚਲਾਉਣ ਵਿੱਚ ਭੈੜੇ ਅਸਰ ਪੈਂਦੇ ਹਨ । ਇਸ ਲਈ ਉਹਨਾਂ ਨੂੰ ਤਕਨੀਕੀ ਯੋਗਤਾ ਤੇ ਰਿਕਾਰਡ ਰਖਣ ਲਈ ਲੋੜੀਂਦੀ ਟਰੇਨਿੰਗ ਦੀ ਲੋੜ ਹੈ।

### ਸ਼ਿਕਾਇਤ ਨਿਵਾਰਨ :

ਸਿਕਾਇਤ ਨਿਵਾਰਨ ਦਾ ਡਾਟਾ ਦੱਸਦਾ ਹੈ ਕਿ 99% ਸ਼ਿਕਾਇਤਾ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ ਪਰ ਮੁੱਢਲੇ ਡਾਟੇ ਅਨੁਸਾਰ ਬਹੁਤ ਘੱਟ ਲੋਕਾਂ ਵੱਲੋਂ ਸ਼ਿਕਾਇਤ ਕੇਂਦਰ ਕੋਲ ਸ਼ਿਕਾਇਤਾਂ ਦਰਜ਼ ਕਰਵਾਈਆਂ ਗਈਆਂ। ਇਸ ਲਈ ਸ਼ਿਕਾਇਤ ਨਿਵਾਰਨ ਕੇਂਦਰ ਕੋਲ ਸ਼ਿਕਾਇਤਾਂ ਦਰਜ ਕਰਵਾਉਣ ਲਈ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਦੀ ਲੋੜ ਹੈ। ਇਸ ਦੇ ਨਾਲ ਹੀ ਸ਼ਿਕਾਇਤਾਂ ਦੇ ਨਿਪਟਾਰੇ ਲਈ ਇਸ ਯੰਤਰ ਨੂੰ ਹੋਰ ਤਾਕਤਵਰ ਬਣਾਉਣ ਦੀ ਲੋੜ ਹੈ ਕਿਉਂ ਜੋ ਇਹ ਸਾਡੀ ਮੁੱਢਲੀ ਲੋੜ ਨਾਲ ਸਬੰਧਿਤ ਹੈ। ਸਿਕਾਇਤਾ ਦਾ ਨਿਪਟਾਰਾ ਤੁਰੰਤ ਕਰਨ ਦੀ ਲੋੜ ਹੈ ਕਿਉਂਕਿ ਲੋਕਾਂ ਕੋਲ ਹੋਰ ਕੋਈ ਵਿਕਲਪ ਨਹੀਂ ਹੈ। ਤੁਰੰਤ ਉੱਚ ਦਰਜੇ ਦੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਮਾਹਿਰ ਲੋਕਾਂ ਦਾ ਕੰਮ ਤੇ ਲਗਾਉਣ ਦੀ ਲੋੜ ਹੈ ।

## ਪ੍ਰੋਜੈਕਟ ਦੇ ਇਸ ਪ੍ਰਸੰਗ ਵਿੱਚ ਕੁਝ ਸਮਾਜਿਕ ਵਿਕਾਸ ਮੁੱਦਿਆਂ ਦੀ ਪਹਿਚਾਣ ਕੀਤੀ ਗਈ ਹੈ।

## ਟੇਬਲ –ਈ 3

**ਸਮਾਜਿਕ ਪ੍ਰਬੰਧਕ ਢਾਚਾ**

**ਟੇਬਲ –1**

| ਸਮਾਜਿਕ ਮੁੱਦੇ | ਸਬੂਤ | ਸਮਾਜਿਕ ਪ੍ਰਬੰਧਕ ਕਾਰਵਾਈ | ਪ੍ਰੋਜੈਕਟ ਸਟੇਜ | ਜਿਮੇਦਾਰ |
|---|---|---|---|---|
| ਹੇਠਲੇ ਤਬਕੇ ਨਾਲ ਬਰਾਬਰਤਾ ਅਤੇ ਸਮੂਲੀਅਤ ਲਈ ਧਿਆਨ ਕੇਂਦਰਿਤ ਕਰਨਾ | – ਸਾਰੇ ਅਨੁਸੂਚਿਤ ਜਾਤੀ ਦੇ ਪਿੰਡਾਂ ਨੂੰ ਪਾਇਪਾਂ ਰਾਹੀਂ ਜਲ ਸਪਲਾਈ ਸਕੀਮ ਦੇ ਅੰਤਰਗਤ ਪਾਣੀ ਨਹੀਂ ਦਿੱਤਾ ਗਿਆ।<br>– ਗਰੀਬਾਂ ਤੋਂ ਉੱਕਾ ਪੁੱਕਾ ਪਾਣੀ ਦੇ ਬਿਲ ਲੈਣਾ ਮਤਲਬ ਅਮੀਰ ਲੋਕਾਂ ਦੇ ਬਿਲ ਅਦਾ ਕਰਨਾ<br>– ਘਰਾਂ ਵਿੱਚ ਪਾਣੀ ਦਾ ਕੁਨੈਕਸ਼ਨ ਨਾ ਹੋਣਾ<br>– ਘਰ ਵਿੱਚ ਪਾਖਾਨਾ ਨਾ ਹੋਣਾ<br><br>–ਖੂਹੀ ਵਾਲੇ ਜਾਂ ਸੈਪਟਿਕ ਟੈਂਕ ਪਾਖਾਨੇ ਵਾਲੇ ਘਰ ਸੀਵਰੇਜ ਨਾਲ ਜੋੜਨ ਵਿੱਚ ਰੂਚੀ ਨਾ ਹੋਣਾ। | –ਸਮੂਲੀਅਤ ਲਈ ਉਤਸਾਹਿਤ ਅਤੇ ਜਾਗਰੂਕ ਕਰਨਾ<br>– ਜੀ.ਪੀ.ਡਬਲਿਊ.ਐਸ.ਸੀ. ਦੀ ਮੀਟਿੰਗ<br>–ਸਮਾਜਿਕ ਆਰਥਿਕ ਬੇਸਲਾਇਨ ਤਿਆਰ ਕਰਨ ਲਈ ਸਮਾਜਿਕ ਆਰਥਿਕ ਸਰਵੇਖਣ ਕਰਨਾ ( ਸਮਾਜਿਕ ਸਭਿਆਚਾਰਕ ਸਾਧਨਾਂ ਦਾ ਨਕਸ਼ਾ ਬਣਾਉਣਾ ਅਤੇ ਢਾਂਚਾਗਤ ਸਰਵੇ ਕਰਾਉਣਾ<br>ਗਰਾਮ ਸਭਾ ਵਿਚ ਫੈਸਲੇ ਲੈਣ ਲਈ :<br>–ਗਰੀਬ ਤਬਕੇ ਨੂੰ ਨਾਲ ਲੈ ਕੇ ਚੱਲਣਾ<br>–ਲਿੰਗ ਕਾਰਜ ਵਿਧੀ ਨੂੰ ਲਾਗੂ ਕਰਨਾ<br>–ਘਰ/ਪਿੰਡ/ਗਰਾਮ ਪੱਧਰ ਤੇ ਭਾਗੀਦਾਰੀ ਪੇਂਡੂ ਮੁਲਾਕਣ ਕਰਕੇ ਇਕੱਠੇ ਹੋਣ ਲਈ ਪ੍ਰੇਰਿਤ ਕਰਨਾ<br>–ਪਿੰਡ ਤੋਂ ਹਿਸੇਦਾਰੀ ਇਕੱਠੀ ਕਰਨ ਲਈ ਪਿੰਡ ਦੇ ਲੋਕਾਂ ਨੂੰ ਪ੍ਰੇਰਿਤ ਕਰਨਾ ਅਤੇ ਸਮਝਾਉਣਾ | ਵਿਉਂਤ ਤੋਂ ਪਹਿਲਾਂ | ਐਸ.ਪੀ.ਐਮ.ਸੀ/<br>ਐਸ.ਡਬਲਿਊ.ਐਸ.ਐਮ.<br>/ਡੀ.ਡਬਲਿਊ.ਐਸ.ਐਮ./<br>ਡਵੀਜਨ/ਜੀ.ਪੀ. ਡਬਲਿਊ.ਐਸ.ਸੀ. |
| | | –ਪਿੰਡ ਤੋਂ ਹਿਸੇਦਾਰੀ ਇਕੱਠੀ ਕਰਨ ਲਈ ਪਿੰਡ ਦੇ ਲੋਕਾਂ ਨੂੰ ਪ੍ਰੇਰਿਤ ਕਰਨਾ ਅਤੇ ਸਮਝਾਉਣਾ<br>– ਪਾਣੀ ਦੀ ਮਾਤਰਾ ਅਨੁਸਾਰ ਬਿਲ ਟੈਲੀਸਕੋਪਿਕ ਮਹੀਨਾਵਾਰ ਦਰ<br>–ਜੀ.ਪੀ.ਡਬਲਿਊ.ਐਸ.ਸੀ. ਦੀ | ਯੋਜਨਾ ਚਰਨ | ਐਸ.ਪੀ.ਐਮ.ਸੀ/<br>ਐਸ.ਡਬਲਿਊ.ਐਸ.ਐਮ.<br>/ਡੀ.ਡਬਲਿਊ.ਐਸ.ਐਮ./<br>ਡਵੀਜਨ/ਜੀ.ਪੀ.ਡਬਲਿਊ.ਐਸ.ਸੀ |

| | | | | |
|---|---|---|---|---|
| | | ਮੀਟਿੰਗ | | |
| | | - ਸਾਂਝੀ ਨਿਗਰਾਨੀ ਕਰਨੀ ।<br>ਸਾਰੇ ਹਿੱਸੇ, ਸਹੀ ਸੇਵਾਵਾਂ ਦੇਣ ਲਈ ਠੀਕ ਕੰਮ ਕਰਦੇ ਹਨ ਲਈ ਆਰਜੀ ਚਾਲੂ ਕਰਨਾ | ਲਾਗੂ ਚਰਨ | ਡਵੀਜਨ/ਜੀ.ਪੀ.ਡਬਲਿਊ.ਐਸ.ਸੀ |
| | | ਸਮੂਹ ਮੈਂਬਰਾਂ ਨਾਲ ਰਖ-ਰਖਾਵ ਦੀ ਯੋਜਨਾ ਅਤੇ ਬਜਟ ਬਾਰੇ ਚਰਚਾ ਕਰਨਾ<br>- ਭਾਗੀਦਾਰੀ ਤਰੀਕੇ ਨਾਲ ਮਹੀਨਾਵਾਰ ਨਿਰਧਾਰਿਤ ਕਰਨ ਲਈ ਜੀ.ਪੀ/ਵੀ.ਡਬਲਿਊ.ਐਸ.ਸੀ. ਦੀ ਮੀਟਿੰਗ ਕਰਵਾਉਣੀ<br>-ਮਹੀਨਾਵਾਰ ਇਕੱਠਾ ਕਰਨ ਲਈ ਓਪਰੇਟਰ/ਅਸਿਸਟੈਂਟ ਦੀ ਭਰਤੀ<br>-ਇਹ ਤੈਅ ਕਰਨਾ ਕਿ ਕਾਫੀ ਸਪੇਅਰ ਉਪਲਬਧ ਹਨ ਅਤੇ ਪਿੰਡ ਦੇ ਮੁੱਖ ਲੋਕੀ ਸਕੀਮ ਦੇ ਰਖ -ਰਖਾਵ ਵਿਚ ਮਾਹਿਰ ਹਨ। | ਰਖ-ਰਖਾ ਵ ਚਰਨ | ਡਵੀਜ਼ਨ/ ਜੀ.ਪੀ.ਡਬਲਿਊ.ਐਸ.ਸੀ |
| ਭਾਗੀਦਾਰੀ | -ਨਿਰਨਾ ਲੈਣ ਵਿਚ ਪਿੰਡ ਦੇ ਲੋਕਾਂ ਦੀ ਭਾਗੀਦਾਰੀ ਘੱਟ ਹੈ<br>-ਔਰਤਾਂ ਅਤੇ ਅਨੁਸੂਚਿਤ ਜਾਤੀ ਦੀ ਭਾਗੀਦਾਰੀ ਨਹੀਂ ਹੈ।<br>-ਪਿੰਡ ਦੇ ਲੋਕਾਂ ਦਾ ਪਾਣੀ ਦੀ ਗੁਣਵੱਤਾ ਸਵਾਸਥ ਅਤੇ ਸਫਾਈ ਆਦਿ ਤੇ ਜਾਗਰੂਕਤਾ ਘੱਟ ਹੈ। | -ਜ਼ਿਲ੍ਹਾ ਵਰਕਸ਼ਾਪ ਦੇ ਨਾਲ ਪ੍ਰੋਜੈਕਟ ਨੂੰ ਅੱਗੇ ਵਧਾਉਣ ਪਰਦਾ ਚਰਵਾਹਾ<br>-ਭਾਗੀਦਾਰੀ ਵਧਾਉਣ ਲਈ ਸਮਾਜਿਕ ਮੋਬਾਲਾਇਜਰ ਦੀ ਭਰਤੀ<br>-ਘਰ-ਘਰ/ਵਾਰਡ/ਪਿੰਡ/ਗਰਾਮ/ਪੰਚਾਂ ਇਤ ਪੱਧਰ ਤੇ ਜਲ ਅਤੇ ਸਫਾਈ ਮੁਹਿੰਮ<br>-ਗਰਾਮ ਪੰਚਾਇਤ ਅਤੇ ਪਿੰਡ ਦੀ ਜਾਣਕਾਰੀ | ਵਿਊਂਤ ਤੋਂ ਪਹਿਲਾਂ | ਐਸ.ਪੀ.ਐਮ.ਸੀ/<br>ਐਸ.ਡਬਲਿਊ.ਐਸ.ਐਮ.<br>/ਡੀ.ਡਬਲਿਊ.ਐਸ.ਐਮ./ ਡਵੀਜਨ |
| | | - ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਅਦਾਇਗੀ ਕਰਨ ਲਈ ਇੱਛਾ ਸ਼ਕਤੀ ਪੈਦਾ ਕਰਨਾ ਤਾਂ ਜੋ ਸਕੀਮਾਂ ਸਹੀ ਢੰਗ ਨਾਲ ਚੱਲ ਸਕਣ। | ਯੋਜਨਾ ਚਰਨ | ਡਵੀਜ਼ਨ |
| | | -ਸਾਂਝੀ ਨਿਗਰਾਨੀ ਕਰਨੀ ।<br>ਸਾਰੇ ਹਿੱਸੇ, ਸਹੀ ਸੇਵਾਵਾਂ ਦੇਣ ਲਈ ਠੀਕ ਕੰਮ ਕਰਦੇ ਹਨ ਲਈ ਆਰਜੀ ਚਾਲੂ ਕਰਨਾ | ਲਾਗੂ ਚਰਨ | ਡਵੀਜ਼ਨ/ਜੀ.ਪੀ.ਡਬਲਿਊ.ਐਸ.ਸੀ. |
| | | ਸਕੀਮ ਦੇ ਚਾਲੂ ਹੋਣ ਤੋਂ ਤਿੰਨ ਮਹੀਨੇ ਬਾਅਦ ਸਮਾਜਿਕ ਪ੍ਰਬੰਧਨ ਦਾ ਮੁਲਾਕਣ ਕਰਨਾ | ਰਖ-ਰਖਾ ਵ ਚਰਨ | ਡਵੀਜ਼ਨ/ਜੀ.ਪੀ.ਡਬਲਿਊ.ਐਸ.ਸੀ |
| ਪਾਰਦਰਸਿ ਤਾ | ਸੀਮਤ ਪਾਰਦਰਸਿਤਾ ਕਾਰਨ ਲੋਕਾਂ ਦਾ ਘੱਟ ਜਾਗ | ਪ੍ਰਾਥਮਿਕਤਾ ਦੇ ਆਧਾਰ ਤੇ ਪਿੰਡਾਂ ਦੀ ਚੋਣ ਕਰਨੀ<br>-ਪੰਚਾਇਤਾਂ ਨੂੰ ਚੋਣ ਬਾਰੇ ਦੱਸਣਾ<br>-ਥਾਂ ਅਤੇ ਚੁਣੀ ਜਾਣ ਵਾਲੀ ਤਕਨੀਕ ਲਈ ਸਹਿਮਤ ਹੋਣਾ | ਵਿਊਂਤ ਤੋਂ ਪਹਿਲਾਂ | ਐਸ.ਪੀ.ਐਮ.ਸੀ/<br>ਐਸ.ਡਬਲਿਊ.ਐਸ.ਐਮ.<br>/ਡੀ.ਡਬਲਿਊ.ਐਸ.ਐਮ./<br>ਡਵੀਜਨ/ਠੇਕੇਦਾਰ |
| | | ਤਖਮੀਨੇ ਅਤੇ ਸਕੀਮ ਬਾਰੇ ਗਰਾਮ ਪੰਚਾਇਤ/ ਜੀ.ਪੀ.ਡਬਲਿਊ.ਐਸ.ਸੀ. | ਯੋਜਨਾ | ਜੀ.ਪੀ.ਡਬਲਿਊ.ਐਸ.ਸੀ./ਡਵੀਜ਼ਨ/<br>ਠੇਕੇਦਾਰ |

| | | | | |
|---|---|---|---|---|
| | | ਵੱਲੋਂ ਗਰਾਮ ਸਭਾ ਦੀ ਮੰਨਜੂਰੀ ਲੈਣਾ ਅਤੇ ਅਨੁਸੂਚਿਤ ਇਲਾਕਿਆਂ ਸਬੰਧੀ ਸਲਾਹ ਕਰਨੀ ਅਤੇ ਦਸਤਾਵੇਜੀ ਮੰਨਜੂਰੀ ਲੈਣੀ।<br>– ਪਾਰਦਰਸ਼ਤਾ/ਡਿਸਪਲੇ ਬੋਰਡ ਤਿਆਰ ਕਰਨੇ<br>– ਵਿਉਂਤ ਦੇ ਪਹਿਲੇ ਚਰਨ ਤੋਂ ਲੈ ਕੇ ਰਖ–ਰਖਾਵ ਤੱਕ ਸੂਚਨਾ ਲੋਕਾਂ ਨੂੰ ਦੇਣੀ।<br>–ਸਕੀਮ ਸਬੰਧੀ ਅੰਤਿਮ ਨਕਸ਼ੇ, ਕੁੱਲ ਹਿੱਸੇਦਾਰੀ ਦਾ ਵਿਵਰਣ ਅਤੇ ਸਾਰੇ ਚਰਨਾ ਲਈ ਕੰਮ ਖਤਮ ਕਰਨ ਸਬੰਧੀ ਸਮਾਂਬੱਧ ਵਿਵਰਣ। | | |
| | | – ਵਿੱਤੀ ਸੋਮੇ, ਰਕਮ ਅਤੇ ਲਾਗੂ ਚਰਨ ਸਬੰਧੀ ਸਟੇਟਸ ਰਿਪੋਰਟ ਬਾਰੇ ਦੱਸਣਾ<br>– ਕੰਮ ਖਤਮ ਹੋਣ ਤੋਂ ਬਾਅਦ, ਵਿੱਤੀ ਖਾਤੇ ਅਤੇ ਰਖ ਰਖਾਵ ਸਬੰਧੀ ਜਾਣਕਾਰੀ ਦੇਣੀ | ਲਾਗੂ ਚਰਨ | ਜੀ.ਪੀ.ਡਬਲਿਊ.ਐਸ.ਸੀ./ਡਵੀਜ਼ਨ/ ਠੇਕੇਦਾਰ |
| | | –ਲੋਕਾਂ ਦੀ ਭਾਗੀਦਾਰੀ ਨਾਲ ਚਾਲੂ ਹੋਈ ਸਕੀਮ ਦਾ 6 ਮਹੀਨੇ ਬਾਅਦ ਸਮਾਜਿਕ ਆਡਿਟ ਕਰਨਾ | ਰਖ ਰਖਾਵ | ਜੀ.ਪੀ.ਡਬਲਿਊ.ਐਸ.ਸੀ./ਡਵੀਜ਼ਨ |
| ਜਿਮੇਦਾਰੀ | ਚੱਲ ਰਹੀਆਂ ਸਕੀਮਾਂ ਦਾ ਮੁੜ ਠੀਕ ਨਾ ਚੱਲਣ ਬਾਰੇ ਜੀ.ਪੀ.ਡਬਲਿਊ.ਐਸ. ਸੀ ਦੀ ਜਿਮੇਵਾਰੀ ਦੇਖੀ ਗਈ। ਜਿਸ ਨਾਲ ਮੌਜੂਦਾ ਸਕੀਮਾਂ ਦੀ ਦੇਖ ਭਾਲ ਪ੍ਰਭਾਵਿਤ ਹੋਈਆਂ ਹਨ।<br>–ਪਿੰਡ ਵਿਚ ਮੁਹੱਈਆ ਕਰਵਾਈ ਜਾਣ ਵਾਲੀਆਂ ਸੇਵਾਵਾਂ ਤੋਂ ਪਿੰਡ ਵਾਲਿਆਂ ਦਾ ਖੁਸ਼ ਨਾ ਹੋਣਾ ਸਰਵਿਸ ਪ੍ਰੋਵਾਇਡਰ ਦੀ ਜਿਮੇਦਾਰੀ ਦਾ ਮੁੱਦਾ ਵੇਖਿਆ ਗਿਆ। | –ਮਹਿਕਮੇ ਵੱਲੋਂ ਪ੍ਰੋਜੈਕਟ ਬਾਰੇ ਲੋਕਾਂ ਵਿਚਕਾਰ ਅਤੇ ਪੰਜਾਬ ਸਰਕਾਰ ਦੀ ਵੈਬਸਾਇਟ ਤੇ ਸੂਚਨਾ ਦਿੱਤੀ ਜਾਣੀ ਹੈ।<br>–ਸਮਾਜਿਕ ਹਿੱਸੇ ਨੂੰ ਤੇ ਕੰਮ ਕਰਨ ਵਾਲੇ ਲੋਕਾਂ ਦੇ ਨਰਮ ਹੁਨਰ ਨੂੰ ਵਧਾਉਣ ਦੀ ਲੋੜ ਹੈ | ਵਿਉਂਤ ਤੋਂ ਪਹਿਲਾਂ | ਐਸ.ਪੀ.ਐਮ.ਸੀ./ਐਸ.ਡਬਲਿਊ.ਐਸ.ਐਮ/<br>ਡੀ.ਡਬਲਿਊ.ਐਸ.ਐਮ/ਡਵੀਜ਼ਨ |
| | | ਪਿੰਡ ਦੀ ਨਿਗਰਾਨੀ (ਸਮਾਜਿਕ ਆਡਿਟ)<br>– ਮੋਬਾਇਲ ਐਪਲੀਕੇਸ਼ਨ ਲਾਗੂ ਕਰਨਾ<br>– ਲੋਕਾਂ ਦੇ ਇਤਰਾਜ਼/ਸ਼ਿਕਾਇਤਾਂ ਅਤੇ ਸੁਝਾਵਾਂ ਦਾ ਨਿਵਾਰਨ ਕਰਨਾ | ਯੋਜਨਾ ਚਰਨ | ਡਵੀਜ਼ਨ/ਜੀ.ਪੀ.ਡਬਲਿਊ.ਐਸ.ਸੀ. |
| | | – ਲੋਕਾਂ ਦੇ ਇਤਰਾਜ਼/ਸ਼ਿਕਾਇਤਾਂ ਅਤੇ ਸੁਝਾਵਾਂ ਦਾ ਨਿਵਾਰਨ ਕਰਨ<br>– ਗਰਾਮ ਪੰਚਾਇਤ /ਜੀ.ਪੀ.ਡਬਲਿਊ.ਐਸ.ਸੀ. ਦੁਆਰਾ ਪ੍ਰੋਗਰੈਸ ਅਤੇ ਗੁਣਵਤਾ ਨਿਗਰਾਨੀ ਕਰਨਾ | ਲਾਗੂ ਚਰਨ | ਡਵੀਜ਼ਨ/ਜੀ.ਪੀ.ਡਬਲਿਊ.ਐਸ.ਸੀ. |
| | | –ਸਾਂਝੀ ਨਿਗਰਾਨੀ ਕਰਨੀ ।<br>ਸਾਰੇ ਹਿੱਸੇ ਸਮੇਂਬੱਧ ਅਨੁਸਾਰ ਪੂਰੇ ਕਰਨੇ। | ਲਾਗੂ ਚਰਨ | ਡਵੀਜ਼ਨ/ਜੀ.ਪੀ.ਡਬਲਿਊ.ਐਸ.ਸੀ. |
| | | – ਕਲਾਪੁਰਜ਼ਿਆਂ ਦਾ ਕਾਫ਼ੀ ਮਾਤਰਾ | ਰਖ | ਡਵੀਜ਼ਨ/ਜੀ.ਪੀ.ਡਬਲਿਊ.ਐਸ.ਸੀ. |

| | | | | |
|---|---|---|---|---|
| | | ਵਿੱਚ ਉਪਲੱਬਧ ਕਰਵਾਉਣਾ ਅਤੇ ਦੇਖ ਭਾਲ ਲਈ ਖਾਸ ਲੋਕਾਂ ਨੂੰ ਸਿਖਲਾਈ ਦੇਣਾ ਨਿਸਚਿਤ ਕਰਨਾ ਹੈ। | ਰਖਾਵ ਚਰਨ | |
| ਅਨਚਾਹਿਅ ਾ ਪੁਨਰਵਾਸ | - ਪੰਚਾਇਤੀ ਜਮੀਨ ਵਿੱਚੋਂ ਪੰਚਾਇਤ ਜਮੀਨ ਮੁਫ਼ਤ ਦੇਵੇਗੀ<br>- ਪੰਚਾਇਤ ਕੋਲ ਲੋੜੀਂਦੀ ਜਮੀਨ ਹੋਣ ਕਾਰਨ ਇਹ ਕੋਈ ਮੁੱਦਾ ਨਹੀਂ ਹੈ। | - ਪੰਚਾਇਤ ਇਹ ਯਕੀਨੀ ਬਣਾਏਗੀ ਕਿ ਦਿੱਤੀ ਜਾਣ ਵਾਲੀ ਜਮੀਨ ਉਹਨਾਂ ਦੇ ਕਬਜੇ ਵਿੱਚ ਹੈ ਅਤੇ ਉਸ ਉਪਰ ਕਿਸੇ ਦਾ ਨਜ਼ਾਇਜ ਕਬਜਾ ਨਹੀਂ ਹੈ।<br>- ਗ੍ਰਾਮ ਸਭਾ ਜਮੀਨ ਦੇ ਤਬਾਦਲੇ ਦਾ ਮਤਾ ਪਾਸ ਕਰੇਗੀ<br>- ਪੰਚਾਇਤ ਇਹ ਯਕੀਨੀ ਬਣਾਵੇਗੀ ਕਿ ਇਹ ਜਮੀਨ ਮੁੱਲ ਨਹੀਂ ਲਈ ਗਈ।<br>- ਇਸ ਜਮੀਨ ਦੀ ਅਣਚਾਹੀ ਚੋਣ ਨਹੀਂ ਕੀਤੀ ਗਈ।<br>-ਪੰਚਾਇਤ ਕਬਜੇ ਵਾਲੀ ਜਮੀਨ ਪ੍ਰੋਜੈਕਟ ਦੇ ਉਦੇਸ ਲਈ ਹੀ ਇਸਤੇਮਾਲ ਕੀਤੀ ਗਈ ਹੈ।<br>- ਜਮੀਨ ਤੇ ਕੋਈ ਨਜ਼ਾਇਜ ਕਬਜਾ ਨਹੀਂ ਹੈ ਅਤੇ ਭਾਰ ਮੁਕਤ ਹੈ।<br>-ਪਾਣੀ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਤੋਂ ਬਾਅਦ ਜਮੀਨ ਲੋਕਾਂ ਵੱਲੋਂ ਚੁਣੀ ਜਾਵੇਗੀ<br>- ਖੁਸ਼ੀ ਨਾਲ ਦਿੱਤੀ ਜਮੀਨ ਨੂੰ ਤਸਦੀਕ ਕੀਤਾ ਜਾਵੇਗਾ।<br>- ਜਮੀਨ ਦਾ ਤਬਾਦਲਾ ਗਰਾਮ ਪੰਚਾਇਤ/ਜੀ.ਪੀ.ਡਬਲਿਊ.ਐਸ.ਸੀ. ਦੇ ਨਾਂ ਰਜਿਸਟਰਡ ਸੇਲ ਡੀਡ ਜਾਂ ਆਪਸੀ ਸਮਝੌਤੇ ਰਾਹੀਂ ਕਰਵਾਇਆ ਜਾਵੇਗਾ।<br>- ਸ਼ਿਕਾਇਤਾਂ ਦਾ ਨਿਵਾਰਨ ਕਰਨ ਦੀ ਵੀ ਵਿਵਸਥਾ ਹੋਵੇਗੀ।<br>- ਮੰਡਲ ਦਫ਼ਤਰ ਵੱਲੋਂ ਤੀਜੀ ਧਿਰ ਰਾਹੀਂ ਤਬਾਦਲਾ ਕੀਤੀ ਜਮੀਨ ਦੀ ਮੰਨਜੂਰੀ ਦੇਣ ਤੋਂ ਪਹਿਲਾਂ ਪੜਤਾਲ ਕਰਵਾਈ ਜਾਵੇਗੀ।ਜਿਸ ਮਾਲਕ ਕੋਲ 2.5 ਏਕੜ ਤੋਂ ਜਮੀਨ ਘੱਟ ਹੋਵੇਗੀ ਉਸਤੋਂ ਜਮੀਨ ਨਹੀਂ ਲਈ ਜਾਵੇਗੀ। | | |
| | | -ਸਾਂਝੀ ਨਿਗਰਾਨੀ ਕਰਨ ਤੋਂ ਪੂਰੀ ਹੋਈ ਟਰਾਇਲ ਦੌਰਾਨ ਇਹ ਨਿਸ਼ਚਿਤ ਕਰਨਾ ਕਿਸੇ ਵੀਜਮੀਨ ਤੇ ਸਾਰੇ ਕੋਪੋਨੈਂਟ ਸਹੀ ਕੰਮ ਕਰ ਰਹੇ ਹਨ ਅਤੇ ਸਾਰੀਆਂ ਸੇਵਾਵਾਂ ਕਥਿਤ ਚੋਣ ਪ੍ਰਕ੍ਰਿਆ ਨੂੰ ਵਾਇਲਟ ਨਹੀਂ ਕਰ ਰਹੀਆਂ ਹਨ। | ਯੋਜਨਾ ਲਾਗੂ ਚਰਨ | ਡਵੀਜ਼ਨ/ਜੀ.ਪੀ.ਡਬਲਿਊ.ਐਸ.ਸੀ. |

**ਲਿੰਗ ਕਾਰਜ ਵਿਧੀ**

ਇਸ ਸੈਕਟਰ ਪ੍ਰੋਗਰਾਮ ਦੇ ਟੀਚੇ ਤਾਂ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ ਜਦੋਂ ਦੋਵੇਂ ਲਿੰਗ ਆਦਮੀ ਤੇ ਔਰਤ ਇਕੱਠੇ ਕੰਮ ਕਰਨ ਤੇ ਕੰਮ ਨੂੰ ਸੁਚੱਜੇ ਢੰਗ ਨਾਲ ਪੂਰਾ ਕਰਨ ਵਿਚ ਕਾਰਵਾਈ ਕਰਨ। ਇਸ ਨੂੰ ਪੂਰਾ ਕਰਨ ਲਈ ਔਰਤਾਂ ਨੂੰ ਇਸ ਪ੍ਰੋਜੈਕਟ ਨਾਲ ਜੋੜਨ ਲਈ ਕਾਰਜ ਪ੍ਰਣਾਲੀ ਵਿਚ ਸਕੀਮ ਚੱਕਰ ਅਨੁਸਾਰ ਸ਼ਾਮਿਲ ਕੀਤਾ ਜਾਣਾ ਜਰੂਰੀ ਹੈ।

**ਟੇਬਲ ਈ –4 ਲਿੰਗ ਕਾਰਜ ਵਿਧੀ**

| ਗਤੀਵਿਧੀਆਂ | ਐਕਸ਼ਨ ਅਤੇ ਮਿਣਨ ਸੂਚਕ | ਜਿੰਮੇਵਾਰੀ | ਸਮਾ ਸੀਮਾ | ਸੂਚਨਾਂ ਸਰੋਤ |
|---|---|---|---|---|
| ਨਤੀਜੇ : ਪੰਜਾਬ ਦੀ ਖੇਤਰੀ ਪਹੁੰਚ ਪਾਲਿਸੀ ਲਾਗੂ ਕਰਨ ਲਈ ਲਿੰਗ ਕਾਰਜਵਿਧੀ | | | | |
| ਸਮਾਜਿਕ ਤੇ ਲਿੰਗ ਸਕੇਤਕਾਂ ਨੂੰ ਐਮ.ਆਈ.ਐਸ. ਨਾਲ ਜੋੜਨਾ | 1. ਪ੍ਰੋਜੈਕਟ ਦੇ ਐਮ.ਆਈ.ਐਸ. ਨੂੰ ਬਨਾਉਣ ਸਮੇਤ ਮੁੱਢਲੇ ਸਕੇਤਕਾਂ ਅਨੁਸਾਰ ਸਮਾਜਿਕ ਤੇ ਲਿੰਗ ਸਕੇਤਕ ਡਾਟਾ ਪ੍ਰਾਪਤ ਕਰਨਾ, ਅਧਿਆਨ ਕਰਨਾ ਤੇ ਕੰਮ ਕਰਨ ਦੀਆਂ ਘਾਟਾ ਨੂੰ ਪੂਰਾ ਕਰਨ ਲਈ ਮੁੱਖ ਪ੍ਰਾਪਤੀਆਂ ਦਾ ਸਥਾਈ ਬਦਲਾਓ ਕਰਨਾ ਹੈ।<br>2. ਸਿਹਤ ਅਤੇ ਖਾਦ ਪਦਾਰਥਾਂ ਲਈ ਵਿੱਤੀ ਸੁਵਿਧਾ ਨਾਲ ਹੋਏ ਵਾਧੇ ਅਤੇ ਔਰਤਾਂ ਤੇ ਅਸਰ ਲਈ ਪਾਣੀ ਤੇ ਸਵਸਥਾ ਸੇਵਾਵਾਂ ਪ੍ਰਦਾਨ ਕਰਨਾ ਤੇ ਉਸਦਾ ਮੁਲਾਕਣ ਕਰਨਾ ਹੈ। | ਐਸ.ਪੀ.ਐਮ.ਸੀ. | ਇਕ ਸਾਲ ਬਾਅਦ | • ਬੇਸਲਾਇਨ ਸਰਵੇ ਡਾਟਾ<br>• MIS |
| ਲਿੰਗ ਧਾਰਾ ਸਿਧਾਂਤਾਂ ਨੂੰ ਪੇਂਡੂ ਜਲ ਸਪਲਾਈ ਸਕੀਮਾਂ ਨੂੰ ਯੋਜਨਾ ਰਣਨੀਤੀ ਅਨੁਸਾਰ ਫਰੇਮਵਰਕ ਵਿੱਚ ਜੋੜਨਾ | 1. ਆਸਾ, ਏ.ਐਨ.ਐਮ., ਆਂਗਨਵਾੜੀ ਅਤੇ ਔਰਤ ਅਧਿਆਪਕਾਂ ਨੂੰ ਜੀ.ਪੀ.ਡਬਲਿਊ.ਐਸ.ਸੀ ਵਿੱਚ ਸ਼ਾਮਿਲ ਕਰਨਾ ਹੈ<br>2. GPWSC ਵਿੱਚ ਘੱਟੋ ਘੱਟ ਇਕ ਤਿਹਾਈ ਔਰਤਾਂ ਹਿੱਸਾ ਲੈਣ<br>3. ਸਾਰੀਆਂ ਔਰਤਾਂ ਮੈਂਬਰਾਂ ਨੂੰ ਸਵੇਦਨਸੀਲ ਵਰਕਸਾਪ ਅਤੇ ਟਰੇਨਿੰਗਾਂ ਦੇਣਾ।<br>4. ਸਕੀਮ ਦੇ ਰਖ ਰਖਾਵ ਦੌਰਾਨ ਔਰਤਾਂ ਨੂੰ ਮਹੀਨਾਵਾਰ ਬਿਲ ਅਤੇ ਰਖ ਰਖਾਵ ਵਿੱਚ ਸਾਮਲ ਕਰਨਾ ਹੈ।<br>5.ਲਿੰਗ ਅਨੁਪਾਤ ਨੂੰ ਪੂਰਾ ਕਰਨ ਲਈ ਡੀ.ਪੀ.ਐਮ. ਸੀ. ਤੇ ਐਸ.ਪੀ.ਐਮ.ਸੀ. ਵਿਚ ਭਰਤੀ ਕਰਨਾ<br>6. ਹਰ ਪੱਧਰ ਤ ਔਰਤਾਂ ਦਾ ਪ੍ਰਤੀਨਿਧੀ ਹੋਣਾ ਨਿਸਚਿਤ ਕਰਨਾ ਹੈ।<br>7. ਘੱਟ ਤੋਂ ਘੱਟ 50% ਸਮਾਜਿਕ ਮੋਬਾਲਾਇਜ ਔਰਤਾਂ ਹੋਣੀਆਂ ਚਾਹੀਦੀਆਂ ਹਨ। | ਐਸ.ਪੀ.ਐਮ.ਸੀ. | ਇਕ ਸਾਲ ਬਾਅਦ | ਐਮ.ਆਈ.ਐਸ. ਸਮਾਜਿਕ ਮੋਬਾਲਾਇਜਰ ਦੀ ਗਤੀਵਿਧੀ ਰਿਪੋਰਟ ਵਿੱਚ ਜ਼ਿਕਰ ਕਰਨਾ |
| ਸਮੂਹ ਮੋਬਾਲਾਇਜੇਸਨ ਨੂੰ ਪ੍ਰੋਜੈਕਟ ਦਾ ਜਰੂਰੀ ਹਿੱਸਾ ਮੰਨਿਆ ਗਿਆ ਹੈ। | - ਪ੍ਰੋਜੈਕਟ ਦੀ ਜਾਗ੍ਰਿਤੀ ਅਭਿਆਨ ਲਈ ਲਿੰਗ ਦੀ ਸੰਤੁਲਨ ਭਾਗੀਦਾਰੀ<br>–ਔਰਤਾਂ ਦੇ ਮੁੱਦਿਆਂ ਨੂੰ ਜਿਆਦਾ ਤਵੱਜੋ ਦੇਣਾ | ਐਸ.ਪੀ.ਐਮ.ਸੀ /ਡੀ.ਪੀ.ਐਮ.ਸੀ | ਪਹਿਲੇ ਸਾਲ ਤੋਂ ਅਗਾਂਹ | ਐਮ.ਆਈ.ਐਸ. ਸਮਾਜਿਕ ਮੋਬਾਲਾਇਜਰ ਦੀ ਗਤੀਵਿਧੀ ਰਿਪੋਰਟ |

| | | | | |
|---|---|---|---|---|
| | -ਪਿੰਡ ਦੇ ਪਾਣੀ ਦੀ ਸਪਲਾਈ ਅਤੇ ਸਵੱਛਤਾ ਲਈ ਟੈਕਨੋਲੋਜੀ ਚੁਣਨ ਲਈ ਔਰਤਾਂ ਦੀ ਅਹਿਮ ਹਿੱਸੇਦਾਰੀ। ਸਮਾਜਿਕ ਕਾਰਜਕਰਤਾ ਅਤੇ ਸਮਾਜਿਕ ਵਿਕਾਸ ਮਾਹਿਰ ਘੱਟੋ ਘੱਟ 50% ਔਰਤਾਂ ਹੋਣੀਆਂ ਚਾਹੀਦੀਆਂ ਹਨ। - 33% GPWSC ਮੈਂਬਰ ਔਰਤਾਂ ਹੋਣਗੀਆਂ ਸਵੱਛਤਾ ਅਤੇ ਸਾਫ਼ ਸਫਾਈ ਲਈ ਦਿੱਤੀਆਂ ਟਰੇਨਿੰਗਾਂ ਵਿੱਚ 33% ਔਰਤਾਂ ਹੋਣੀਆਂ ਚਾਹੀਦੀਆਂ ਹਨ। | | | ਵਿੱਚ ਜ਼ਿਕਰ ਕਰਨਾ |
| • ਜਲ ਅਤੇ ਸਵੱਸਥਾ ਪ੍ਰੋਜੈਕਟ ਨੂੰ ਲਾਗੂ ਕਰਨ ਲਈ ਮੁੱਖ ਭਾਗੀਦਾਰ ਔਰਤਾਂ ਦੀ ਸਮਰੱਥਾ ਦਾ ਵਿਕਾਸ ਕਰਨਾ | SPMC/SPMU/DPMC/BRC/GPWSC/GP ਦੇ ਅਫਸਰਾਂ ਨੂੰ ਲਿੰਗ ਅਧਾਰਿਤ ਸਵੇਦਨਸੀਲਤਾ ਦੀ ਟਰੇਨਿੰਗ ਦਿੱਤੀ ਜਾਵੇਗੀ ਟਰੇਨਿੰਗ ਵਿੱਚ ਘੱਟੋ ਘੱਟ 30% ਔਰਤਾਂ ਹੋਣੀਆਂ ਚਾਹੀਦੀਆਂ ਹਨ। -ਘਟੋ ਘੱਟ ਸਾਲ ਵਿਚ 1 ਵਰਕਸਾਪ ਅਤੇ ਸਾਰੇ ਸਟਾਫ ਨੂੰ ਟਰੇਨਿੰਗ ਵਿਚ ਹਿੱਸਾ ਲੈਣਾ ਜਰੂਰੀ ਹੈ। | ਐਸ.ਪੀ.ਐਮ.ਸੀ /ਡੀ.ਪੀ.ਐਮ.ਸੀ | ਪਹਿਲੇ ਸਾਲ ਤੋਂ ਅਗਾਂਹ | ਪ੍ਰੋਜੈਕਟ ਦੇ ਐਮ.ਆਈ.ਸਿਸਟਮ ਟਰੇਨਿੰਗਾਂ ਖਤਮ ਹੋਣ ਬਾਰੇ ਰਿਪੋਰਟ |
| ਜਲ ਸਪਲਾਈ ਤੇ ਸਵੱਛਤਾ ਸਕੀਮਾਂ ਵਿੱਚ ਟਿਕਾਊਪਨਾਂ ਪ੍ਰਾਪਤ ਕਰਨਾ | -ਤਕਨਾਲੋਜੀ ਦੀ ਪਸੰਦ ਅਤੇ ਤਕਨੀਕੀ ਮੁਲਾਕਣ ਲਈ ਔਰਤਾਂ ਵੱਲੋਂ ਹਿੱਸੇਦਾਰੀ ਪਾਉਣਾ । -ਰਖ ਰਖਾਵ ਦੀਆਂ ਟਰੇਨਿੰਗਾਂ ਵਿਚ 33% ਔਰਤਾਂ ਦੀ ਹਿੱਸੇਦਾਰੀ -ਜਲ ਸਪਲਾਈ ਅਤੇ ਸਵੱਛਤਾ ਸਿਸਟਮ ਦੇ ਰਖ ਰਖਾਵ ਦੀ ਵਿੱਤੀ ਪ੍ਰਬੰਧਨ ਲਈ ਔਰਤਾਂ ਦੀ ਭਾਗੇਦਾਰੀ -ਗਰੀਬਾਂ ਲਈ ਬਣਾਏ ਸਵੱਛਤਾ ਬਲਾਕਾਂ ਦੀ ਨਿੱਜੀ ਸੁਰੱਖਿਆ ਮੁਤਾਬਿਕ ਨਾਰਮਜ਼ ਤੈਅ ਕਰਨੇ -ਦੋਵੇਂ ਮਰਦ ਅਤੇ ਔਰਤਾਂ ਨੂੰ ਪਾਣੀ ਦੀ ਵਰਤੋਂ ਸਾਫ਼ ਸਫ਼ਾਈ ਵਿੱਚ ਕੀਤੇ ਜਾਣ ਵਾਲੇ ਵਾਧੇ ਲਈ ਟਰੇਨਿੰਗਾਂ ਦੇਣਾ -ਔਰਤਾਂ ਨੂੰ ਘਰੇਲੂ ਪਾਖਾਨਿਆਂ ਦੇ ਰਖ ਰਖਾਵ ਅਤੇ ਪੇਂਡੂ ਸੈਨੀਟਰੀ ਬਜ਼ਾਰਾਂ ਦੇ ਮਿਸਤਰੀਆਂ ਦੀ ਟਰੇਨਿੰਗ ਲਈ ਦੇਣਾ | ਐਸ.ਪੀ.ਐਮ.ਸੀ /ਡੀ.ਪੀ.ਐਮ.ਸੀ | ਪਹਿਲੇ ਸਾਲ ਤੋਂ ਅਗਾਂਹ | ਪ੍ਰੋਜੈਕਟ ਪ੍ਰਬੰਧਨ ਸੂਚਨਾ ਸਿਸਟਮ |

**ਅਸੁਰੱਖਿਅਤ ਕਾਰਜ ਵਿਧੀ :**

**ਘਰਾਂ ਨੂੰ ਸੀਵਰ ਨਾਲ ਜੋੜਨ ਲਈ ਵਿਸੇਸ ਸਹਾਇਤਾ ਦੇਣਾ**

1. **ਨੀਤੀ ਪੱਧਰ ਫੈਸਲ** : ਇਹ ਰਾਜ ਜਲ ਤੇ ਸਵੱਸਥਾ ਮਿਸ਼ਨ (SWSM) ਪੱਧਰ ਤੇ ਲੈਣੇ ਬਣਦੇ ਹਨ।

2. **ਘਰਾਂ/ਘਰਵਾਲਿਆਂ ਦੀ ਪਹਿਚਾਨ ਕਰਨਾ** ਜਿਹਨਾਂ ਨੂੰ ਸਵਸਥਾ ਸੇਵਾਵਾਂ ਅਜੇ ਦਿੱਤੀਆਂ ਜਾਣੀਆਂ ਹਨ।

ਇਹਨਾਂ ਘਰਾ ਨੂੰ ਸਰੋਤ ਫੰਡ ਦੇ ਕੇ ਮੁੱਢਲੀਆਂ ਸੇਵਾਵਾਂ ਦੇਣ ਦੀ ਲੋੜ ਪਵੇਗੀ । ਪੰਚਾਇਤ ਦੀ ਸਹਾਇਤਾ ਨਾਲ GPWSC ਵੱਲੋਂ ਪਹਿਚਾਨ ਕੀਤੀ ਜਾਣੀ ਹੈ। ਇਸ ਪ੍ਰਕ੍ਰਿਆ ਨੂੰ ਅਮੀਰੀ ਪੱਧਰ ਦਾ ਮਾਪਦੰਡ ਲਿਆ ਜਾਵੇਗਾ ਅਤੇ ਇਹਨਾਂ ਦੀ ਪਹਿਚਾਣ ਹੇਠ ਅਨੁਸਾਰ ਕੀਤੀ ਜਾਵੇਗੀ।

- ਗਰੀਬ ਪੇਂਡੂ ਦੀ ਪਹਿਚਾਣ ਅਮੀਰੀ ਮਾਪਦੰਡ ਲੈਂਦੇ ਹੋਏ ਕੀਤਾ ਜਾਵੇਗਾ ਜਿਵੇਂ ਉਹ ਲੋਕ ਜੋ ਘਰ 200 ਵਰਗਫੁੱਟ ਦੇ ਬਣੇ ਮਕਾਨ ਵਿਚ ਰਹਿੰਦੇ ਹਨ ਭਾਵੇਂ ਉਹ ਪਿੰਡ ਵਿੱਚ ਜਾਂ ਪਿੰਡ ਤੋਂ ਬਾਹਰ ਰਹਿੰਦੇ ਹੋਣ ਜਾਂ ਘਰ ਦਾ ਮੁੱਖੀ ਵਿਕਲਾਂਗ ਜਾਂ ਔਰਤ ਜਾਂ ਬਜੁਰਗ ਜੋ 65 ਸਾਲ ਤੋਂ ਉੱਪਰ ਹੈ ਅਤੇ ਜਿਹਨਾਂ ਦੀ ਆਮਦਨ ਦਾ ਕੋਈ ਪੱਕਾ ਵਸੀਲਾ ਨਹੀਂ ਹੈ।
- ਜਿਹਨਾਂ ਘਰਾਂ ਵਿਚ ਪਖਾਨੇ ਨਹੀਂ ਹਨ ਉਹਨਾਂ ਨੂੰ ਸਰਕਾਰੀ ਸਕੀਮਾਂ ਨਾਲ ਜੋੜਿਆ ਜਾ ਸਕਦਾ ਹੈ ਜਿਵੇਂ ਨਿਰਮਲ ਭਾਰਤ ਅਭਿਆਨ, ਨਿਮਨ ਟਰਾਇਬ ਬਨਾਏ ਜਾ ਸਕਣ। ਇਕ ਬਾਰ ਪਖਾਨਾ ਬਣ ਜਾਵੇ ਤਾਂ ਗਰੀਬੀ ਰੇਖਾ ਪ੍ਰੋਗਰਾਮ ਅਧੀਨ ਸੀਵਰ ਨਾਲ ਜੋੜੇ ਜਾ ਸਕਦੇ ਹਨ।

- ਬਿਨਾਂ ਪਾਖਾਨੇ ਘਰਾਂ ਨੂੰ ਨਿਰਮਲ ਭਾਰਤ ਅਭਿਆਨ ਜਾਂ ਅਨੁਸੂਚਿਤ ਜਾਤੀ ਅਤੇ ਜਨਜਾਤੀ ਭਲਾਈ ਪ੍ਰੋਗਰਾਮ ਨਾਲ ਜੋੜਿਆ ਜਾ ਸਕਦਾ ਹੈ ਤਾਂ ਜੋ ਉਹਨਾਂ ਦੇ ਘਰਾਂ ਵਿੱਚ ਸਾਫ਼ ਸੁਥਰੇ ਪਾਖਾਨੇ ਬਣਾਏ ਜਾ ਸਕਣ। ਪਾਖਾਨਾ ਬਣਨ ਤੋਂ ਬਾਅਦ ਉਹ ਘਰ ਪੰਜਾਬ ਦੀ ਗਰੀਬ ਪੱਖੀ ਨੀਤੀ ਨਾਲ ਜੋੜਿਆ ਜਾ ਸਕਦਾ ਹੈ। (ਪਾਣੀ ਤੇ ਸੀਵਰੇਜ ਲਈ ਵੱਖਰੇ ਰੇਟ) ਮੁੱਢਲੀਆਂ ਲੋੜਾਂ ਮੁਤਾਬਿਕ ਹੇਠ ਲਿਖੀ ਰਣਨੀਤੀ ਲਈ ਸੁਝਾਅ ਦਿੱਤਾ ਜਾਂਦਾ ਹੈ।

ੳ) ਬਿਨਾਂ ਪਾਖਾਨੇ ਤੋਂ ਗਰੀਬ ਘਰ
ਅ) ਅਸੁਰੱਖਿਅਤ (ਬੇਘਰ, ਵਿਕਲਾਂਗ ਅਤੇ ਪਰਵਾਸੀ ) ਜਿਹਨਾਂ ਦੀ ਸਵਸਥਾ ਲੋੜ ਪੂਰੀ ਨਹੀਂ ਹੋਈ।
– ਉਹ ਘਰ ਜਿਹਨਾਂ ਦੇ ਸੈਪਰਿਟ ਟੈਂਕ ਬਣੇ ਹਨ ਪਰ ਉਹਨਾਂ ਨੂੰ ਖਾਸ ਸਹਾਇਤਾ ਦੀ ਲੋੜ ਹੈ।

ੳ) ਸੀਵਰੇਜ ਕੁਨੈਕਸ਼ਨ ਦੀ ਮਹੱਤਤਾ ਬਾਰੇ ਲੋੜੀਂਦੀ ਸੂਚਨਾ ਦੇਣਾ ਜਿਸ ਦੀ ਜਿਮੇਵਾਰੀ ਸੂਚਨਾ ਦੇਣ ਵਾਲੀ ਏਜੰਸੀ ਜਾਂ ਨੁਮਾਇੰਦੇ ਦੀ ਹੋਵੇਗੀ।

ਅ) ਘਰਾਂ ਵਿੱਚ 100% ਕੁਨੈਕਸ਼ਨ ਕਰਨ ਲਈ ਜੀ.ਪੀ.ਡਬਲਿਊ .ਐਸ.ਸੀ. ਯਕੀਨੀ ਬਣਾਵੇਗੀ।

3. **ਸਧਾਰਨ ਤਰੀਕੇ ਅਪਨਾਉਣ :** ਸੀਵਰੇਜ ਜਾਂ ਪਾਣੀ ਦੇ ਕੁਨੈਕਸ਼ਨ ਲੈਣ ਲਈ ਰਹਾਇਸ਼ ਸਬੰਧੀ ਕੋਈ ਵੀ ਸਬੂਤ ਜਿਵੇਂ ਰਾਸ਼ਨ ਕਾਰਡ, ਸਨਾਖਤੀ ਕਾਰਡ, ਅਧਾਰ ਕਾਰਡ ਮੰਨੇ ਜਾਣੇ ਚਾਹੀਦੇ ਹਨ।ਇਹਨਾਂ ਲਈ ਲੋੜੀਂਦੇ ਪ੍ਰਾਰਥਨਾ ਪੱਤਰ ਜੀ.ਪੀ.ਡਬਲਿਊ.ਐਸ.ਸੀ ਦਫ਼ਤਰ ਵਿੱਚ ਹੋਣੀ ਚਾਹੀਦੀ ਹੈ।

4. 100 % **ਸੀਵਰ ਕੂਨੈਕਸਨਾਂ ਲਈ** ਘਰਾਂ ਨੂੰ ਹੇਠ ਲਿਖੇ ਅਨੁਸਾਰ ਲਾਭ ਪਹੁੰਚਾਇਆ ਜਾ ਸਕਦਾ । ਜਿਹਨਾਂ ਘਰਾਂ ਵਿੱਚ ਸਪੈਟਿਕ ਟੈਂਕ ਬਣੇ ਹੋਏ ਹਨ ਪਰ ਕੋਈ ਸੀਵਰੇਜ ਕੂਨੈਕਸ਼ਨ ਨਹੀਂ ਹੈ।

- 50% ਇਮਦਾਦ ਜੋ 15 ਦਿਨਾਂ ਦੇ ਵਿਚ ਅਰਜੀ ਦੇਣ
- 25% ਇਮਦਾਦ ਜੋ 30 ਦਿਨਾਂ ਦੇ ਵਿੱਚ ਅਰਜੀ ਦੇਣ
- 10% ਜੁਰਮਾਨਾਂ ਜੋ ਸਕੀਮ ਚਲਣ ਤੋਂ 31 ਦਿਨਾਂ ਤੋਂ ਬਾਅਦ ਅਰਜੀ ਦੇਣ

5. ਉਹਨਾਂ ਪੰਚਾਇਤਾਂ/ਵਾਰਡਾਂ ਨੂੰ ਇਨਾਮ ਲਈ ਪ੍ਰੇਰਿਤ ਕਰਨਾ ਜਿਹੜੀਆਂ 60 ਦਿਨਾਂ ਦੇ ਅੰਦਰ 100% ਕੁਨੈਕਸ਼ਨ ਕਰਵਾ ਲੈਣ।

## ਸਮਾਜਿਕ ਆਡਿਟ

ਸਮਾਜਿਕ ਆਡਿਟ ਸਿਸਟਮ ਨੂੰ ਜਿਮੇਵਾਰੀ ਦੇ ਸੰਦਰਭ ਵਿੱਚ ਸੁਗੜ ਬਣਾਉਣ ਲਈ ਲਾਭਪਾਤਰੀ, ਭਾਗੀਦਾਰੀ, ਗੁਣਵਤਾ, ਦੇ ਸੰਕੇਤਕ ਅਪਨਾਉਣੇ ਚਾਹੀਦੇ ਹਨ। ਇਹ ਘੱਟੋ ਘੱਟ ਸਕੀਮ ਸਾਇਕਲ ਵਿਚ ਦੋ ਵਾਰੀ ਕਰਨਾ ਚਾਹੀਦਾ ਹੈ। ਚਾਹੇ ਪਲਾਨਿੰਗ ਤੋਂ ਕੰਮ ਕਰਨ ਤੱਕ ਤੇ ਦੂਸਰਾ ਕੰਮ ਖਤਮ ਕਰਨ ਤੇ ਚਾਲੂ ਕਰਨ ਤੋਂ ਬਾਅਦ ਸਾਰੇ ਪ੍ਰਭਾਵਿਤ ਲੋਕਾਂ ਦੇ ਨੁਮਾਇਦਾਂ ਨੂੰ ਟੀਮ ਬਣਾ ਕੇ ਆਡਿਟ ਕਰਨਾ ਚਾਹੀਦਾ ਹੈ ਤੇ ਉਸ ਤੋਂ ਬਾਅਦ ਹੀ ਕੰਮ ਦਾ ਸਟੇਟਸ ਲੈ ਕੇ ਕਾਰਵਾਈ ਕਰਨੀ ਚਾਹੀਦੀ ਹੈ।

## ਨਿਗਰਾਨੀ ਤੇ ਮੁਲਾਕਣ

## ਅੰਦਰੂਨੀ ਨਿਗਰਾਨੀ :

ਅੰਦਰੂਨੀ ਨਿਗਰਾਨੀ GPWSC, DWSC ਤੇ SPMC ਲੈਵਲ ਤੇ ਕੀਤਾ ਜਾ ਸਕਦਾ ਹੈ। ਹਰ ਪੱਧਰ ਤੇ ਭਾਗੀਦਾਰੀ ਨਿਗਰਾਨੀ GPWSC ਦੇ ਕਰੀਦੇ ਨੂੰ ਸਮਾਜਿਕ ਕਾਰਜਕਰਤਾ ਜਾ ਹੋਰ, ਹਿੱਸੇਦਾਰ ਨੂੰ ਨਾਲ ਲੈ ਕੇ ਕੀਤੀ ਜਾ ਸਕਦੀ ਹੈ ਤੇ ਰਿਪੋਰਟ ਉਚ ਪੱਧਰ ਤੱਕ ਕੀਤੀ ਜਾ ਸਕਦੀ ਹੈ ਜਿਵੇਂ ਜ਼ਿਲ੍ਹਾ ਜਲ ਸਪਲਾਈ ਕਮੇਟੀ ਨਿਰੀਖਣ ਕਰਕੇ ਆਪਣੀ ਰਿਪੋਰਟ ਪ੍ਰਦੇਸ਼ ਪ੍ਰੋਗਰਾਮ ਮੈਨੇਜਮੈਂਟ ਸੈੱਲ ਕੋਲ ਜਮ੍ਹਾਂ ਕੀਤੀ ਜਾਵੇਗੀ।

## ਬਾਹਰੀ ਨਿਗਰਾਨੀ ਤੇ ਤੀਜੇ ਵੱਲੋਂ ਮੁਲਾਕਨ

ਇਸ ਕੰਮ ਲਈ ਪ੍ਰਦੇਸ਼ ਪ੍ਰੋਗਰਾਮ ਮੈਨੇਜਮੈਂਟ ਸੈੱਲ ਕਿਸੇ ਸਲਾਹਕਾਰ ਨੂੰ ਲਗਾ ਸਕਦੀ ਹੈ ਜੋ ਪ੍ਰੋਜੈਕਟ ਦਾ ਮੁਲਾਕਨ ਕਰਕੇ ਰਿਪੋਰਟ ਕਰੇਗਾ। ਇੱਕ ਸਿੱਖਿਅਕ, ਤਜਰਬੇਕਾਰ ਬਾਹਰੀ ਨਿਗਰਾਨੀ ਮਾਹਿਰ ਜਾਂ NGO ਜਿਸ ਨੂੰ SPMC ਲਗਾ ਸਕਦੀ ਹੈ, ਅੰਦਰੂਨੀ ਮੁਲਾਕਨ ਕਰਦੇ ਸੂਚਿਤ ਕਰੇ। ਤੀਜੀ ਪਾਰਟੀ ਆਡਿਟ ਲਈ SPMC ਕੋਈ ਵੱਖਰਾ ਸਲਾਹਕਾਰ ਦੋ ਪੱਧਰਾਂ ਤੇ ਹੋ ਸਕਦਾ ਹੈ ਜਿਹੜਾ ਯੋਜਨਾ ਕਰਨ ਅਤੇ ਕੰਮ ਖਤਮ ਕਰਨ ਤੋਂ ਬਾਅਦ ਹੋ ਸਕਦਾ ਹੈ। ਤੀਜੀ ਪਾਰਟੀ ਵੱਲੋਂ ਕੀਤੇ ਸਫਲਤਾ ਪੂਰਬਕ ਆਡਿਟ ਨੂੰ ਪੇਮੈਂਟ ਕਰਨ ਨਾਲ ਜੋੜਿਆ ਜਾ ਸਕਦਾ ਹੈ।